ਅਕਤੂਬਰ 1986
ਮੁੱਲ--ਦੋ ਰੁਪਏ
77

- ਉਹ ਸ਼ਖਸ ਜ਼ਿਹਨੀ ਤੌਰ ਤੇ ਬਿਮਾਰ ਹਨ ਜੋ ਉਸ ਵੇਲੇ ਤਾਂ ਚੁੱਪ ਰਹਿੰਦੇ ਹਨ ਜਦੋਂ ਮੁਖਤਸਰ ਕੋਲ **16** ਹਿੰਦੂ ਮੁਸਾਫਰ ਬਸ ਵਿਚੋਂ ਕੱਢ ਕੇ ਮਾਰੇ ਜਾਂਦੇ ਹਨ, ਪਰ ਡੇਰਾ ਬਾਬਾ ਨਾਨਕ ਕੋਲ **10** ਸਿੱਖ ਨੌਜਵਾਨ ਝੂਠੇ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਤੇ ਕੋਠੇ ਚੜ੍ਹ ਕੇ ਰੌਲਾ ਪਾਂਦੇ ਹਨ।

- ਉਹ ਸ਼ਖਸ ਅਤੇ ਪਤ੍ਰਕਾਰ ਨੀਅਤ ਦੇ ਬੇਈਮਾਨ ਹਨ ਜੋ ਮੁਖਤਸਰ ਬਸ ਕਾਂਡ ਵੇਲੇ ਜ਼ਹਿਰੀਲਾ ਪਰਚਾਰ ਕਰਕੇ ਸਾਰੇ ਹਿੰਦੋਸਤਾਨ ਭਰ ਵਿਚ ਅੱਗ ਲਗਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਦਸ ਨੌਜਵਾਨਾਂ ਦੇ ਨਾਜਾਇਜ਼ ਕਤਲ ਨੂੰ ਬੀ.ਐਸ.ਐਫ. ਦੀ ਸਾਧਾਰਨ ਡਿਊਟੀ ਆਖ ਕੇ ਅੱਖੋਂ ਪਰੋਖਾ ਕਰ ਦੇਂਦੇ ਹਨ।

- ਪੰਜਾਬ ਦੇ ਲੋਕ ਵਿਅਕਤੀਗਤ ਦਹਿਸ਼ਤਗਰਦਾਂ ਅਤੇ ਹਕੂਮਤੀ ਦਹਿਸ਼ਤਗਰਦਾਂ ਦੇ ਸ਼ਿਕਾਰ ਹੁੰਦੇ ਰਹਿਣਗੇ ਜਦੋਂ ਤੱਕ ਉਹ ਸਾਰੇ ਮਿਲ ਕੇ ਨਿਰਪੱਖ ਹੋ ਕੇ ਹਰ ਕਿਸਮ ਦੀ ਦਹਿਸ਼ਤਗਰਦੀ ਦੇ ਖਿਲਾਫ ਆਪਣੀ ਆਵਾਜ਼ ਉਚੀ ਨਹੀਂ ਕਰਦੇ।

- ਪੰਜਾਬ ਦਾ ਮਸਲਾ ਸਿਆਸੀ ਹਲ ਮੰਗਦਾ ਹੈ ਪਰ ਇਹਦਾ ਇਹ ਮਤਲਬ ਨਹੀਂ ਕਿ ਜਿੰਨਾਂ ਚਿਰ ਇਹ ਹਲ ਨਹੀਂ ਹੁੰਦਾ ਬੇਦੋਸ਼ੇ ਲੋਕਾਂ ਦੇ ਕਤਲ ਨੂੰ ਇਕ ਚੁੱਪ ਦਰਸ਼ਕ ਬਣ ਕੇ ਵੇਖਦੇ ਰਹੀਏ। ਹਰ ਉਹ ਜਥੇਬੰਦੀ ਜੋ ਨਿਰਪੱਖ ਹੋ ਕੇ ਹਰ ਕਿਸਮ ਦੇ ਜਬਰ ਵਿਰੁਧ ਆਵਾਜ਼ ਉਠਾਂਦੀ ਹੈ, ਸਾਡੇ ਸਹਿਯੋਗ ਦੀ ਹੱਕਦਾਰ ਹੈ। ਉਸਦੀਆਂ ਰੈਲੀਆਂ ਅਤੇ ਜਲੂਸਾਂ ਵਿਚ ਸ਼ਾਮਲ ਹੋ ਕੇ ਉਸਨੂੰ ਤਾਕਤ ਦੇਣਾ ਸਾਡਾ ਫਰਜ਼ ਹੈ।

–ਗੁਰਸ਼ਰਨ ਸਿੰਘ
20.9.86

ਇਸ ਅੰਕ ਵਿਚ :

- ਸੰਪਾਦਕੀ : ਇਤਿਹਾਸ ਦੇ ਦੋ ਸੰਕਲਪ
- ਇਨਕਲਾਬੀ ਏਕਤਾ ਕੇਂਦਰ ਬਾਰੇ ਪੁਛਾਂ ਤੇ ਜਵਾਬ / ਗੁਰਸ਼ਰਨ ਸਿਘ
- ਪਿਆਰਾ ਸਿੰਘ ਸਹਿਰਾਈ ਜੀ ਦੀ ਇਕ ਚਿੱਠੀ
- ਪੁਸਤਕ ਪਹਿਚਾਣ : ਚਮਚਿਆਂ ਦਾ ਯੁੱਗ / ਕਾਂਸ਼ੀ ਰਾਮ
- ਪਾਠਕ ਲੇਖਕ ਫੋਰਮ : ਇਨਕਲਾਬੀ ਕੇਂਦਰ ਬਾਰੇ ਸੁਝਾਅ
- ਇਪਾਨਾ ਕਨੇਡਾ ਦਾ ਪ੍ਰੈਸ ਬਿਆਨ ਅਤੇ ਪਲਸ ਮੰਚ ਦੇ ਸਮਾਗਮ ਬਾਰੇ ਪ੍ਰਧਾਨ ਪਲਸ ਮੰਚ ਵਲੋਂ ਇਕ ਨੋਟ

# ਸੰਪਾਦਕੀ : ਇਤਿਹਾਸ ਦੇ ਦੋ ਸੰਕਲਪ

20 ਸਤੰਬਰ, ਮੰਜੀ ਸਾਹਿਬ ਦੀਵਾਨ ਅਸਥਾਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਆਏ ਨੌਜਵਾਨਾਂ ਦੀ ਹਾਜ਼ਰੀ ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰਨ ਦਾ ਡੈਲੀਗੇਟ ਅਜਲਾਸ ਹੋਇਆ। ਇਹ ਸਪੱਸ਼ਟ ਤੌਰ ਤੇ ਬਾਗ਼ੀ ਨੌਜਵਾਨਾਂ ਦਾ ਇਕੱਠ ਸੀ ਜੋ ਸਾਫ ਸ਼ਬਦਾਂ ਵਿਚ ਕਹਿ ਰਿਹਾ ਸੀ ਕਿ ਅਸੀਂ ਇਸ ਮੌਜੂਦਾ ਰਾਜ ਨੂੰ ਨਸ਼ਟ ਕਰ ਦੇਣਾ ਹੈ। ਉਸਦੇ ਬਦਲੇ ਕਾਇਮ ਕੀ ਕਰਨਾ ਹੈ ? **ਰਾਜ ਖਾਲਸਾ**, ਜਿਸਨੂੰ ਅਠਾਰਵੀਂ ਸਦੀ ਵਿਚ ਸਿਖਾਂ ਨੇ ਅਥਾਹ ਕੁਰਬਾਨੀਆਂ ਬਾਅਦ ਪਰਾਪਤ ਕੀਤਾ ਤੇ ਉਹਨਾਂ ਦੇ ਕਹੇ ਅਨੁਸਾਰ ਇਹ ਰਾਜ ਅੰਗਰੇਜ਼ਾਂ ਨੇ ਸੰਨ 1849 ਵਿਚ ਧੋਖੇ ਨਾਲ ਤੇ ਉਪਰੰਤ 1947 ਵਿਚ ਹਿੰਦੂਆਂ ਦੀ ਜਮਾਤ ਕਾਂਗਰਸ ਨੇ ਝੂਠੇ ਵਾਅਦੇ ਲਾਕੇ ਅਪਣੇ ਰਾਜ ਨਾਲ ਮਿਲਾ ਲਿਆ। ਇਕੱਠ ਤੋਂ ਇਹ ਸਾਫ ਪ੍ਰਭਾਵ ਲਿਆ ਜਾ ਸਕਦਾ ਸੀ ਕਿ ਇਹ ਨੌਜਵਾਨ ਜੂਝਦੇ ਰਹਿਣ ਦਾ ਇਰਾਦਾ ਰੱਖਦੇ ਹਨ। ਜਿੰਨੀ ਦੇਰ ਇਸ ਖਾਲਸਾ ਰਾਜ ਨੂੰ ਮੁੜ ਸਾਕਾਰ ਨਹੀਂ ਕਰ ਲਿਆ ਜਾਦਾ। ਉਨਾਂ ਨੇ ਐਲਾਨ ਕੀਤਾ **ਇਤਹਾਸ ਅਪਣੇ ਆਪ ਨੂੰ ਦੁਹਰਾਂਦਾ ਹੈ**। ਜਨਰਲ ਵੈਦਿਆ ਦੇ ਕਤਲ ਨੂੰ ਉਹਨਾ ਮੱਸੇ ਰੰਗੜ ਦੇ ਕਤਲ ਨਾਲ ਤੁਲਨਾ ਦੇਂਦੇ ਹੋਏ ਕਿਹਾ ਕਿ ਕਿ ਇਹ ਵੀ ਇਸੇ ਇਤਹਾਸ ਦਾ ਹਿੱਸਾ ਹੈ ਤੇ ਇਸ ਕਤਲ ਦੇ ਬਗੈਰ ਸਿਖ ਇਤਹਾਸ ਨੂੰ ਜੀਂਦਾ ਨਹੀਂ ਰਖਿਆ ਜਾ ਸਕਦਾ ਸੀ। ਝੂਠੇ ਪੁਲਸ ਮੁਕਾਬਲਿਆਂ ਨੂੰ ਉਹਨਾਂ ਨੇ ਮੀਰ ਮੰਨੂੰ ਦੀ ਸਿਖਾਂ ਨੂੰ ਖਤਮ ਕਰਨ ਦੀ ਮੁਹਿੰਮ ਨਾਲ ਤੁਲਨਾ ਦਿਤੀ ਅਤੇ ਰਬੇਰੋ, ਰਾਜੀਵ ਤੇ ਬਰਨਾਲਾ ਨੂੰ ਉਹਦਾ ਦੋਸ਼ੀ ਠਹਿਰਾਇਆ।

ਉਤੇ ਦਸਿਆ ਇਤਿਹਾਸ ਦਾ ਇਹ ਇਕ ਸੰਕਲਪ ਹੈ, ਜਦੋਂ ਸਮੇਂ ਨੂੰ ਪੁੱਠਾ ਗੇੜਾ ਦੇਕੇ ਪਿਛਲੀਆਂ ਸਦੀਆਂ ਦੇ ਬਰਾਬਰ ਜਾ ਖਲ੍ਹਾਰਿਆ ਜਾਂਦਾ ਹੈ। ਇਸ ਵਿਚ ਵਰਤਮਾਨ ਤੇ ਭਵਿਖ ਲਈ ਨਾ ਹੀ ਕੋਈ ਵਿਉਂਤ ਹੁੰਦੀ ਹੈ ਤੇ ਨਾਂ ਹੀ ਦਿਸ਼ਾ ਹੁੰਦੀ ਹੈ, **ਰਾਜ ਖਾਲਸਾ ਕੀ ਹੋਵੇਗਾ ?** ਉਹ ਅਜ ਦੇ ਸਮੇਂ ਦੀਆ ਚਣੌਤੀਆਂ ਦੇ ਕਿਸਤਰ੍ਹਾਂ ਬਰਾਬਰ ਹੋਵਗਾ ਇਹਦੇ ਬਾਰੇ ਨਾਂ ਹੀ ਕਿਸੇ ਲਿਖਤ ਵਿਚ (ਜੋ ਉਥੇ ਵੰਡੀਆਂ ਜਾ ਰਹੀਆਂ ਸਨ) ਤੇ ਨਾ ਹੀ ਕਿਸੇ ਬੁਲਾਰੇ ਨੇ ਚਾਨਣਾਂ ਪਾਉਣ ਦਾ ਯਤਨ ਕੀਤਾ। (ਚਾਨਣਾ ਪਾ ਵੀ ਨਹੀਂ ਸਕਦੇ ਸਨ ਕਿਉਂਕਿ ਉਹਨਾਂ ਨੂੰ ਆਪ ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਸੀ) ਸਗੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗ ਦੇ ਮੈਦਾਨ ਵਿਚ ਕਹੀਆਂ ਕੁੱਝ ਤੁਕਾਂ ਨੂੰ ਹੀ ਕਾਫੀ ਸਮਝ ਲਿਆ ਗਿਆ।

o ਇਤਿਹਾਸ ਦਾ ਇਕ ਹੋਰ ਸੰਕਲਪ ਹੈ, ਜਿਸਦੀ ਝਲਕ 13 ਸਤੰਬਰ ਪਲਸ ਮੰਚ ਦੇ ਸਮਾਗਮ ਵਿਚ ਮਿਲਦੀ ਸੀ। ਉਹ ਵੀ ਇਕੱਠ ਹਜ਼ਾਰਾਂ ਦਾ ਸੀ। ਇਹ ਵੀ ਸਪੱਸ਼ਟ ਤੌਰ ਤੇ ਉਹਨਾਂ ਲੋਕਾਂ ਦਾ ਇਕੱਠ ਸੀ ਜੋ ਇਸ ਨਿਜ਼ਾਮ ਤੋਂ ਬਾਗੀ ਹਨ। ਉਹਨਾਂ ਨੇ ਇਸਦੇ ਬਦਲ ਕੀ ਕਾਇਮ ਕਰਨਾ ਹੈ ? **ਸਮਾਜਕ ਸਮਾਨਤਾ ਵਾਲਾ ਰਾਜ**। ਜੋ ਅੱਜ ਦੇ ਤਕਨੀਕੀਯਾਫਤਾ ਮਨੁੱਖ ਦੇ ਅਨੁਕੂਲ ਹੋਵੇਗਾ। ਇਤਿਹਾਸ ਦਾ ਇਹ ਸੰਕਲਪ ਕਹਿੰਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਂਦਾ ਨਹੀਂ, ਉਹ ਪੁੱਠਾ ਗੇੜ ਨਹੀਂ ਕੱਟਦਾ ਸਗੋਂ ਹਾਲਾਤ ਦੇ ਅਨੁਕੂਲ ਹਰ ਯੁੱਗ ਵਿਚ ਨਵੇਂ ਪੜਾਅ ਵਿਚ ਦਾਖਲ ਹੁੰਦਾ ਹੈ। ਇਤਿਹਾਸ ਦੀ ਗਤੀ ਕੋਈ ਨਹੀਂ ਰੋਕ ਸਕਦਾ, ਜਿਹੜਾ ਇਹ ਗਤੀ ਰੋਕਣ ਦੀ ਕੋਸ਼ਿਸ਼ ਕਰਦਾ ਹੈ ਉਹ ਹਨੇਰੀ ਖਾਈ ਵਿਚ ਟੱਕਰਾਂ ਮੋਰਦਾ ਹੈ।

o ਸਿੱਖ ਸਟੂਡੈਂਟ ਫੈਡਰੇਸ਼ਨ ਦੇ ਆਗੂ ਜਿਸ ਧਾਰਮਕ ਮੂਲਵਾਦ ਦੀ ਮਾਨਸਕਤਾ ਥੱਲੇ ਕੰਮ ਕਰ ਰਹੇ ਹਨ, ਉਹ ਕਦੀ ਵੀ ਉਪਰ ਦਸੀ ਸੱਚਾਈ ਦਾ ਅਹਿਸਾਸ ਨਹੀਂ ਕਰ ਸਕਣਗੇ। ਇਕ ਸਪੱਸ਼ਟ ਵਿਚਾਰਧਾਰਕ ਸੰਘਰਸ਼ ਪੰਜਾਬ ਦੇ ਇਨਕਲਾਬੀਆਂ ਨੂੰ ਵਿਉਂਤਬੰਦ ਤਰੀਕੇ ਨਾਲ ਲੜਨਾ ਪਵੇਗਾ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਫੈਡਰੇਸ਼ਨ ਦੀ ਦਿਸ਼ਾਹੀਣ ਸਿਆਸਤ ਤੋਂ ਬਚਾਇਆ ਜਾ ਸਕੇ। ਇਹ ਸੰਘਰਸ਼ ਆਸਾਨ ਨਹੀਂ। ਇਕ ਪਾਸੇ ਸਰਕਾਰੀ ਜਬਰ ਹੈ, ਸਰਕਾਰੀ ਗ਼ਲਤ ਨੀਤੀਆਂ ਹਨ, ਜ਼ਖਮਾਂ ਤੇ ਲੂਣ ਲਗਾਉਣ ਵਾਲੀਆਂ ਹਿੰਦ ਸਮਾਚਾਰ ਅਖਬਾਰ ਗਰੁੱਪ ਦੀਆਂ ਭੜਕਾਊ ਅਖਬਾਰਾਂ ਹਨ ਤੇ ਦੂਜੇ ਪਾਸੇ ਜਨੂੰਨੀ ਮਾਨਸਕਤਾ ਹੈ, ਪਰ ਇਹ ਸੰਘਰਸ਼ ਕਰਨਾ ਹੀ ਪਵੇਗਾ। 13 ਸਤੰਬਰ ਦਾ ਇਕੱਠ ਪੰਜਾਬ ਲਈ ਇਕ ਰੌਸ਼ਨੀ ਦਾ ਸੂਚਕ ਹੈ। ਇਹ ਇਤਿਹਾਸ ਦੇ ਸਹੀ ਸੰਕਲਪ ਤੇ ਪੂਰਾ ਉਤਰਨ ਲਈ ਪ੍ਰੇਰਨਾ ਹੈ। ਆਓ ਵਿਸ਼ਵਾਸ ਨਾਲ ਇਸਤੇ ਪੂਰਾ ਉਤਰੀਏ।

—ਗੁਰਸ਼ਰਨ ਸਿੰਘ

21.9.86

# ਇਨਕਲਾਬੀ ਏਕਤਾ ਕੇਂਦਰ ਪੰਜਾਬ ਬਾਰੇ ਕੁਝ ਪੁਛਾਂ ਤੇ ਉਹਨਾਂ ਦੇ ਜਵਾਬ

ਗੁਰਸ਼ਰਨ ਸਿੰਘ

**? ਤੁਸੀਂ ਇਨਕਲਾਬੀ ਕੇਂਦਰ ਪੰਜਾਬ ਉਸਾਰਨ ਦਾ ਸੱਦਾ ਦਿੱਤਾ ਹੈ, ਇਹਦੇ ਬਾਰੇ ਤੁਹਾਡਾ ਕੀ ਸੰਕਲਪ ਹੈ, ਉਸ ਉਤੇ ਚਾਨਣਾ ਪਾਵੋ।**

—ਇਸ ਕੇਂਦਰ ਦਾ ਮੁੱਖ ਨਿਸ਼ਾਨਾ ਹੋਵੇਗਾ ਕਿ ਆਪਣੇ ਲੋਕਾਂ ਨੂੰ ਐਸਾ ਨਿਜ਼ਾਮ ਬਨਾਉਣ ਲਈ ਰਾਜਸੀ ਚੇਤਨਾ ਦਿੱਤੀ ਜਾਵੇ, ਜਿਸ ਵਿਚ ਸਮਾਜਕ ਸਮਾਨਤਾ ਹੋਵੇ ਤੇ ਕੋਈ ਕਿਸੇ ਦੀ ਮੇਹਨਤ ਨੂੰ ਨਾ ਲੁੱਟ ਸਕੇ। ਇਸ ਨਿਜ਼ਾਮ ਨੂੰ ਸਥਾਪਤ ਕਰਨ ਲਈ ਤਾਲੀਮ ਰਾਹੀਂ ਕੇਡਰ ਪੈਦਾ ਕਰਨਾ ਅਤੇ ਉਹਨਾਂ ਨੂੰ ਇਕ ਜਥੇਬੰਦੀ ਵਿਚ ਜਥੇਬੰਦ ਕਰਨਾ ਇਸ ਕੇਂਦਰ ਦਾ ਲਕਸ਼ ਹੋਵੇਗਾ।

**? ਇਸ ਲਕਸ਼ ਲਈ ਪਹਿਲੇ ਵੀ ਸਥਾਪਤ ਕਮਿਊਨਿਸਟ ਪਾਰਟੀਆਂ ਅਤੇ ਹੋਰ ਇਨਕਲਾਬੀ ਗਰੁੱਪ ਕੰਮ ਕਰਦੇ ਰਹੇ ਹਨ ਤੇ ਕੰਮ ਕਰ ਰਹੇ ਹਨ, ਤੁਸੀਂ ਵੱਖ ਗੱਲ ਕੀ ਕਰਨਾ ਚਾਹੁੰਦੇ ਹੋ?**

—ਮੈਂ ਇਸ ਕੇਂਦਰ ਦੀ ਜ਼ਰੂਰਤ ਬਾਰੇ ਸਮਤਾ 75 ਵਿਚ ਵਿਸਥਾਰ ਨਾਲ ਲਿਖ ਚੁਕਿਆ ਹਾਂ। ਬਾਵਜੂਦ ਇਸਦੇ ਕਿ ਕਮਿਊਨਿਸਟ ਕੇਡਰ ਨੇ ਬੜੀ ਮੇਹਨਤ ਕੀਤੀ ਅਤੇ ਕੁਰਬਾਨੀਆਂ ਦਿਤੀਆਂ ਫੇਰ ਵੀ ਲੋਕਾਂ ਵਿਚ ਲਹਿਰ ਦੀ ਉਹ ਥਾਂ ਨਹੀਂ ਬਣੀ ਜੋ ਬਣਨੀ ਚਾਹੀਦੀ ਸੀ ਤਾਂ ਇਸਦਾ ਮਤਲਬ ਹੈ ਕਿ ਅਸੀਂ ਆਪਣੀ ਗੱਲ ਲੋਕਾਂ ਨੂੰ ਸਮਝਾ ਨਹੀਂ ਸਕੇ ਤੇ ਉਹਨਾਂ ਦਾ ਵਿਸ਼ਵਾਸ ਨਹੀਂ ਜਿੱਤ ਸਕੇ। ਇਸ ਕੇਂਦਰ ਦਾ ਯਤਨ ਹੋਵੇਗਾ ਕਿ ਲੋਕਾਂ ਨੂੰ ਸੌਖੇ ਸ਼ਬਦਾਂ ਵਿਚ ਅਤੇ ਸੌਖੀ ਰਾਜਨੀਤੀ ਰਾਹੀਂ ਸਮਝਾਇਆ ਜਾਏ ਕਿ ਜਿਸ ਸਮਾਜ ਵਿਚ ਉਹ ਰਹਿ ਰਹੇ ਹਨ, ਉਹ ਇਕਵੀਂ ਸਦੀ ਵਿਚ ਦਾਖ਼ਲ ਹੋ ਰਹੇ ਲੋਕਾਂ ਦੇ ਅਣਖ ਨਾਲ ਜੀਣ ਦੇ ਯੋਗ ਨਹੀਂ। ਇਹ ਸਮਾਜ ਵਿਤਕਰਿਆਂ ਨਾਲ ਭਰਿਆ ਹੋਇਆ ਹੈ। ਇਸ ਦੀ ਥਾਂ ਇਕ ਨਵਾਂ ਸਮਾਜ ਬਣਾਇਆ ਜਾ ਸਕਦਾ ਹੈ। ਪਿਛਲੇ ਯਤਨ ਜੇਕਰ ਕਾਮਯਾਬ ਨਹੀਂ ਹੋਏ ਤਾਂ ਇਹਦਾ ਸਪੱਸ਼ਟ ਮਤਲਬ ਲੈਣਾ ਚਾਹੀਦਾ ਹੈ ਕਿ ਕਿਧਰੇ ਕਸਰ ਰਹਿ ਗਈ ਹੈ। ਹੋਰ ਉਪਰਾਲੇ ਦੀ ਲੋੜ ਹੈ। ਪੁਰਾਣੀਆਂ ਲੀਹਾਂ ਤੇ ਤੁਰੀ ਜਾਣਾ ਕੋਈ ਸਿਆਣਪਤਾ ਨਹੀਂ। ਨਵੇਂ ਹਾਲਾਤ ਅਨੁਸਾਰ ਨਵੀਆਂ ਲੀਹਾਂ ਬਨਾਉਣੀਆਂ ਜ਼ਰੂਰੀ ਹਨ ਤੇ ਇਹ ਕੇਂਦਰ ਉਸੀ ਨਿਸ਼ਾਨੇ ਤੇ ਕੰਮ ਕਰੇਗਾ।

**? ਕੀ ਇਹ ਕੇਂਦਰ ਖੁਲ੍ਹੀ ਜਥੇਬੰਦੀ ਹੋਵੇਗਾ?**

—ਹਾਂ। ਇਹ ਕੇਂਦਰ ਆਪਣੀਆਂ ਕਾਰਵਾਈਆਂ ਲਈ ਮੌਜੂਦਾ ਨਿਜ਼ਾਮ ਦੀਆਂ ਸੀਮਤ ਆਜ਼ਾਦੀਆਂ ਨੂੰ ਜਿਨ੍ਹਾਂ ਨੂੰ ਬੁਰਜੂਆ ਆਜ਼ਾਦੀਆਂ ਦਾ ਨਾਂ ਦਿਤਾ ਜਾਂਦਾ ਹੈ, ਪੂਰੀ ਤਰ੍ਹਾਂ ਵਰਤੇਗਾ ਅਤੇ ਸਮਰਥਾ ਦੇ ਅਨੁਸਾਰ ਚੈਲਿੰਜ ਵੀ ਕਰੇਗਾ। ਖੁਲ੍ਹੀਆਂ ਕਾਨਫਰੰਸਾਂ ਕਰਕੇ ਲੋਕਾਂ ਤੱਕ ਆਪਣਾ ਸੁਨਿਹਾ ਪੁਚਾਇਆ ਜਾਏਗਾ।

**? ਕਲਾਸੀਕਲ ਮਾਰਕਸਵਾਦ ਕਹਿੰਦਾ ਹੈ ਕਿ ਹਾਕਮ ਜਮਾਤਾਂ ਸੱਤਾ ਨੂੰ ਐਵੇਂ ਨਹੀਂ ਛੱਡਦੀਆਂ। ਉਹਨਾਂ ਕੋਲੋਂ ਸੱਤਾ ਹਥਿਆਉਣ ਲਈ ਤਾਕਤ ਵਰਤੀ ਜਾਂਦੀ ਹੈ। ਕੀ ਖੁਲ੍ਹੀਆਂ ਜਥੇਬੰਦੀਆਂ ਇਹ ਕੰਮ ਕਰ ਸਕਣਗੀਆਂ?**

—ਇਸ ਬੁਨਿਆਦੀ ਸੱਚਾਈ ਦਾ ਹਰ ਪੜਾਅ ਤੇ ਖਿਆਲ ਰਖਿਆ ਜਾਏਗਾ। ਮੌਜੂਦਾ ਨਿਜ਼ਾਮ ਨੂੰ ਉਲ-ਟਾਉਣ ਲਈ ਕਿਸ ਹਥਿਆਰ ਦੀ ਵਰਤੋਂ ਕੀਤੀ ਜਾਏਗੀ, ਇਸਦਾ ਪਹਿਲਾਂ ਏਲਾਨ ਕਰਨ ਦੀ ਲੋੜ ਨਹੀਂ। ਬਿਲਕੁਲ ਇਸ ਤਰ੍ਹਾਂ ਕਿ ਕਿਸੇ ਦੁਸ਼ਮਣ ਵਿਰੁਧ ਜੰਗ ਲਈ ਕੂਚ ਕਰਨ ਤੋਂ ਪਹਿਲਾਂ ਜ਼ਰੂਰੀ ਨਹੀਂ ਕਿ ਆਪਣੇ ਸਾਰੇ ਹਥਿਆਰਾਂ ਦੀ ਦੁਸ਼ਮਣ ਨੂੰ ਅਗੇਤਰੀ ਖ਼ਬਰ ਕਰ ਦਿਤੀ ਜਾਏ।

**? ਮਾਰਕਸਵਾਦ, ਲੈਨਿਨਵਾਦ, ਮਾਓਵਾਦ ਇਨਕਲਾਬੀ ਸਿਧਾਂਤ ਹਨ। ਕੀ ਇਨਕਲਾਬੀ ਕੇਂਦਰ ਇਹਨਾਂ ਦਾ ਧਾਰਨੀ ਹੋਵੇਗਾ?**

ਕਿਉਂ ਨਹੀਂ? ਰਾਜਸੀ ਚੇਤਨਾ ਲਈ, ਇਸ ਨਿਜ਼ਾਮ ਨੂੰ ਸਮਝਣ ਲਈ ਤੇ ਬਦਲਣ ਲਈ ਵਿਸ਼ਵ ਹਿਸਟਰੀ ਤੋਂ ਪੂਰਾ ਸਬਕ ਲਿਆ ਜਾਏਗਾ। ਸਮਾਜਕ ਸਾਇੰਸ ਦੇ ਸਿਧਾਂਤਕਾਰਾਂ ਅਤੇ ਆਗੂਆਂ ਦੀਆਂ ਲਿਖਤਾਂ ਅਤੇ ਤਜਰਬਿਆਂ ਤੋਂ ਪੂਰੀ ਤਰ੍ਹਾਂ ਸੇਧ ਅਤੇ ਪ੍ਰੇਰਨਾ ਲਈ ਜਾਏਗੀ ਅਤੇ ਇਹਨਾਂ ਨੂੰ ਆਪਣੀਆਂ ਠੋਸ ਹਾਲਤਾਂ ਉਤੇ ਲਾਗੂ ਕੀਤਾ ਜਾਏਗਾ।

**? ਇਸ ਕੇਂਦਰ ਦਾ ਕਾਰਜਕਾਰੀ ਘੇਰਾ ਕਿਹੜਾ ਹੋਵੇਗਾ?**

—ਪਹਿਲਾਂ ਤਾਂ ਇਸ ਕੇਂਦਰ ਦਾ ਕਾਰਜਕਾਰੀ ਘੇਰਾ ਪੰਜਾਬ ਹੋਵੇਗਾ ਅਤੇ ਫੇਰ ਹੋਰਨਾਂ ਸੂਬਿਆਂ ਵਿਚ ਇਹਨਾਂ ਹੀ ਲੀਹਾਂ ਉਤੇ ਕੰਮ ਕਰਦੇ ਹੋਰ ਕੇਂਦਰਾਂ ਨਾਲ ਰਲ ਕੇ ਕਾਰਜਕਾਰੀ ਘੇਰੇ ਨੂੰ ਬਾਕੀ ਭਾਰਤ ਤੱਕ ਫੈਲਾਇਆ ਜਾਏਗਾ।

**? ਇਸ ਕੇਂਦਰ ਦਾ ਜਥੇਬੰਦਕ ਢਾਂਚਾ ਕੀ ਹੋਵੇਗਾ?**

—ਢਾਂਚਾ ਜਮਹੂਰੀ ਲੀਹਾਂ ਤੇ ਕਾਇਮ ਕੀਤਾ ਜਾਏਗਾ। ਖੁਲ੍ਹੀ ਮੈਂਬਰਸ਼ਿਪ ਕੀਤੀ ਜਾਏਗੀ। ਪਿੰਡਾਂ ਵਿਚ, ਸ਼ਹਿਰਾਂ ਵਿਚ ਇਕਾਈਆਂ ਬਣਾਈਆਂ ਜਾਣਗੀਆਂ। ਉਹ ਡੈਲੀਗੇਟ ਚੁਣਨਗੀਆਂ, ਵਿਸ਼ੇਸ਼ ਕਾਂਗਰਸ ਕੀਤੀ ਜਾਏਗੀ, ਉਹ ਕਾਰਜਕਾਰੀ ਕਮੇਟੀ ਅਤੇ ਅਹੁਦੇਦਾਰਾਂ

ਦੀ ਚੋਣ ਕਰੇਗੀ। ਕਾਂਗਰਸ ਵਿਚ ਆਉਣ ਵਾਲੇ ਸਮੇਂ ਵਿਚ ਕੰਮਾਂ ਦੀ ਰੂਪ ਰੇਖਾ ਬਣਾਈ ਜਾਏਗੀ। ਇਕ ਅਵਾਮੀ ਸੰਸਥਾ ਦੇ ਰੂਪ ਵਿਚ ਇਹ ਕੇਂਦਰ ਡੰਕੇ ਦੀ ਚੋਟ ਤੇ ਆਪਣਾ ਪ੍ਰੋਗਰਾਮ ਲੈ ਕੇ ਲੋਕਾਂ ਵਿਚ ਜਾਏਗਾ। 9 ਨਵੰਬਰ 1986 ਦੇਸ਼ ਭਗਤ ਹਾਲ ਵਿਚ ਹਾਜ਼ਰ ਲੋਕਾਂ ਵਿਚੋਂ ਇਕ 31 ਮੈਂਬਰਾਂ ਦੀ ਐਡਹਾਕ ਕਮੇਟੀ ਚੁਣੀ ਜਾਏਗੀ, ਇਸ ਵਿਚ ਸਾਰੇ ਉਹ ਗਰੁੱਪ ਜਾਂ ਪਾਰਟੀਆਂ, ਜੋ ਇਸ ਸਮੇਂ-ਇਨਕਲਾਬੀ ਨਿਸ਼ਾਨ ਲੈ ਕੇ ਕੰਮ ਕਰ ਰਹੀਆਂ ਹਨ, ਉਹਨਾਂ ਦੀ ਮਰਜ਼ੀ ਨਾਲ ਉਹਨਾਂ ਦੇ ਨੁਮਾਇੰਦੇ ਇਸ ਕਮੇਟੀ ਵਿਚ ਸ਼ਾਮਲ ਕੀਤੇ ਜਾਣਗੇ। ਕੁਝ ਉਹ ਵਿਅਕਤੀ ਵੀ ਸ਼ਾਮਲ ਕੀਤੇ ਜਾਣਗੇ ਜਿਹੜੇ ਸਮਾਜਕ ਇਨਕਲਾਬ ਵਲ ਪ੍ਰਤੀਬੱਧ ਹਨ ਪਰ ਇਸ ਵੇਲੇ ਕਿਸੇ ਵੀ ਸੰਸਥਾ ਵਿਚ ਕੰਮ ਨਹੀਂ ਕਰ ਰਹੇ।

### ? ਕੀ ਤੁਸੀਂ ਉਮੀਦ ਕਰਦੇ ਹੋ ਕਿ ਸਾਰੇ ਇਨਕਲਾਬੀ ਗਰੁੱਪ ਇਸ ਕੇਂਦਰ ਵਿਚ ਆਉਣਗੇ

—ਸਾਡੇ ਇਨਕਲਾਬੀ ਗਰੁੱਪ ਆਪਣੀ ਆਪਣੀ ਸੋਚ ਲੈਕੇ ਲੋਕਾਂ ਵਿਚ ਵਿਚਰ ਰਹੇ ਹਨ। ਉਹਨਾਂ ਕੋਲੋਂ ਇਹ ਉਮੀਦ ਨਹੀਂ ਰਖੀ ਜਾ ਸਕਦੀ ਕਿ ਉਹ ਆਪਣੀ ਸੋਚ ਨੂੰ ਇਕ ਦਮ ਛੱਡਕੇ ਇਕ ਕੇਂਦਰ ਵਿਚ ਇਕੱਠੇ ਹੋ ਜਾਣ ਪਰ ਉਹ ਆਪਣੀ ਆਪਣੀ ਸੋਚ ਰਖਦੇ ਹੋਏ ਵੀ ਸਮਾਜਿਕ ਸਮਾਨਤਾ ਵਾਲੇ ਸਮਾਜ ਦੇ ਸੰਘਰਸ਼ ਵਿਚ ਇਕੱਠੇ ਹੋਕੇ ਇਕ ਕੇਂਦਰ ਦੇ ਡਸਿਪਲਿਨ ਥਲੇ ਆਪਣਾ ਹਿਸਾ ਪਾ ਸਕਦੇ ਹਨ। ਇਨਕਲਾਬੀ ਕੇਡਰ ਦੀ ਇਹ ਮੰਗ ਸਪੱਸ਼ਟ ਹੈ ਕਿ ਟੋਟੋ ਟੋਟੇ ਹੋਕੇ ਖਿੰਡਣ ਵਾਲੀ ਸਿਆਸਤ ਦੀ ਥਾਂ ਏਕਤਾ ਦੀ ਸਿਆਸਤ ਵਲ ਕਦਮ ਵਧਾਏ ਜਾਣ। ਮੈਂ ਇਹ ਗੱਲ ਸ਼ੁਰੂ ਕੀਤੀ ਹੈ ਤਾਂ ਸਾਰਿਆਂ ਦੇ ਸਹਿਯੋਗ ਨਾਲ ਇਸਨੂੰ 9 ਨਵੰਬਰ ਸਿਰੇ ਚੜ੍ਹਾਇਆ ਜਾਵੇਗਾ। ਮੇਰੇ ਏਕਤਾ ਦੇ ਸੰਕਲਪ ਵਿਚ ਕੋਈ ਵੀ ਖੁਫੀਆ ਗਲਬਾਤ ਨਹੀਂ। ਹਰ ਇਕ ਗਰੁੱਪ ਦੀ ਸਿਆਸਤ ਇਨਕਲਾਬੀ ਕੈਡਰ ਸਾਹਮਣੇ ਮੋਟੇ ਤੌਰ ਤੇ ਸਾਫ ਹੈ, ਹਰ ਇਕ ਦੇ ਸੁਝਾਅ ਨੂੰ ਸਦਾ ਦਿਤਾ ਗਿਆ ਹੈ। ਕੋਈ ਗਰੁੱਪ ਸਮਝਦਾ ਹੈ ਕਿ ਉਹ ਆਪਣੀ ਸੋਚ ਲੈ ਕੇ ਆਪਣੇ ਹੀ ਥੜੇ ਤੇ ਖਲੋਕੇ ਇਨਕਲਾਬ ਦੀ ਵੱਧ ਖਿਦਮਤ ਕਰ ਸਕਦਾ ਹੈ ਤਾਂ ਉਹਨੂੰ ਆਪਣੇ ਪ੍ਰੋਗਰਾਮ ਤੇ ਕਾਇਮ ਰਹਿਣਾ ਚਾਹੀਦਾ ਹੈ। ਕੇਂਦਰ ਵਿਚ ਆਉਣ ਦੀ ਕੋਈ ਮਜਬੂਰੀ ਨਹੀਂ ਤੇ ਨਾ ਹੀ ਕੋਈ ਸ਼ਿਕਵਾ ਹੋਵੇਗਾ।

### ? ਇਸ ਕੇਂਦਰ ਦੀ ਮੈਂਬਰਸ਼ਿਪ ਦਾ ਜਮਾਤੀ ਖਾਸਾ ਕੀ ਹੋਵੇਗਾ ?

—ਇਹ ਕੇਂਦਰ ਜਦੋਂ ਆਪਣਾ ਪ੍ਰੋਗਰਾਮ ਲੈਕੇ ਲੋਕਾਂ ਵਿਚ ਜਾਏਗਾ ਤਾਂ ਜ਼ਰੂਰੀ ਗਲ ਹੈ, ਉਹ ਲੋਕ ਇਹਦੇ ਵਲ ਬਹੁਤਾ ਖਿੱਚੇ ਜਾਣਗੇ, ਜਿਹੜੇ ਮੌਜੂਦਾ ਸਮਾਜ ਵਿਚ ਥੁੜਾਂ ਭੋਗ ਰਹੇ ਹਨ। ਇਹ ਸਧਾਰਨ ਲੋਕ ਹੀ ਹੋਣਗੇ। ਇਹੀ ਇਹਦਾ ਜਮਾਤੀ ਖਾਸਾ ਹੋਵੇਗਾ।

### ? ਇਸ ਕੇਂਦਰ ਦਾ ਪ੍ਰੋਗਰਾਮ ਕੀ ਹੋਵੇਗਾ ?

—ਉਹ ਤਾਂ ਕੇਂਦਰ ਦੀ ਐਡਹਾਕ ਕਮੇਟੀ ਹੀ ਬਣਾਵੇਗੀ। ਮੇਰਾ ਸੁਝਾਅ ਹੋਵੇਗਾ ਕਿ ਰਾਜਸੀ ਚੇਤਨਾ ਲਈ ਐਸੇ ਪ੍ਰੋਗਰਾਮ ਹੱਥ ਵਿਚ ਲਏ ਜਾਣ ਜਿਸ ਵਿਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਹੋਵੇ, ਗ਼ੈਰ ਜ਼ਰੂਰੀ ਵਿਰੋਧਤਾਈਆਂ ਨੂੰ ਪਹਿਲੇ ਹੀ ਨਾ ਉਛਾਲਿਆ ਜਾਵੇ ਸੋ ਖਾਹਮਖਾਹ ਲੋਕਾਂ ਦੀ ਏਕਤਾ ਵਿਚ ਵਿਘਨ ਪਾਉਣ, ਮੌਜੂਦਾ ਸਮਾਜ ਦੀ ਅਸਲੀਅਤ ਅਤੇ ਉਹਦੇ ਲੋਕ ਦੋਖੀ ਚਰਿਤ੍ਰ ਨੂੰ ਵਡੀਆਂ ਕਾਨਫਰੰਸਾਂ ਵਿਚ ਨਸ਼ਰ ਕੀਤਾ ਜਾਵੇਗਾ। ਇਸ ਦੀ ਕਥਿਤ ਜਮਹੂਰੀਅਤ ਦੇ ਖੋਖਲੇਪਨ ਨੂੰ ਨੰਗਿਆਂ ਕੀਤਾ ਜਾਏਗਾ, ਜਿਸ ਵਿਚ ਸਾਰੇ ਹੱਕ ਉਨ੍ਹਾਂ ਲਈ ਹੀ ਮਹਿਫੂਜ਼ ਹਨ ਜੋ ਸਾਧਨਾਂ ਦੇ ਮਾਲਕ ਹਨ, ਸਾਧਨਹੀਨ ਲੋਕਾਂ ਦਾ ਇਸ ਸਮਾਜ ਵਿਚ ਕੋਈ ਹੱਕ ਨਹੀਂ। ਇਸ ਸਮਾਜ ਦੀਆਂ ਸੀਮਾਤਾਵਾਂ ਨੂੰ ਨਸ਼ਰ ਕਰਕੇ ਇਹ ਦਸਿਆ ਵੀ ਜਾਵੇਗਾ ਕਿ ਇਹਨਾਂ ਸੀਮਾਤਾਵਾਂ ਉਤੇ ਕਿਸ ਤਰ੍ਹਾਂ ਕਾਬੂ ਪਾਇਆ ਜਾ ਸਕਦਾ ਹੈ ਤੇ ਨਵਾਂ ਸਮਾਜ ਲੋਕਾਂ 'ਚ ਕਿਵੇਂ ਜ਼ਿੰਦਗੀ ਦੀ ਚਿਣਗ ਲਿਆਵੇਗਾ।

o ਬੇਰੁਜ਼ਗਾਰੀ ਦਾ ਮਸਲਾ ਹੈ। ਇਸ ਵੇਲੇ 70 ਕਰੋੜ ਲੋਕਾਂ ਵਿਚੋਂ 4 ਕ੍ਰੋੜ ਬੇਰੁਜ਼ਗਾਰ ਸੜਕਾਂ ਤੇ ਹਨ ਜਦੋਂ ਕਿ ਅਨੂਪੜ੍ਹਤਾ ਹਾਲੇ ਸਿਰਫ 40 ਫੀ ਸਦੀ ਲੋਕਾਂ ਵਿਚੋਂ ਦੂਰ ਹੋਈ ਹੈ, ਦਸਿਆ ਜਾਏਗਾ ਕਿ ਸਮਾਜਵਾਦੀ ਕਿਊਬਾ ਵਿਚ ਸਿਰਫ ਤਿਨ ਸਾਲਾਂ ਦੀ ਪਲਾਨ ਵਿਚ 100 ਫੀ ਸਦੀ ਅਨੂਪੜ੍ਹਤਾ ਦੂਰ ਕਰ ਦਿਤੀ ਗਈ ਸੀ, ਸਮਾਜਵਾਦੀ ਦੇਸ਼ਾਂ ਵਿਚ ਬੇਰੁਜ਼ਗਾਰੀ ਦਾ ਨਾਮ ਨਿਸ਼ਾਨ ਨਹੀਂ ਹਰ ਵਿਅਕਤੀ ਲਈ ਰੁਜ਼ਗਾਰ ਦਾ ਬੁਨਿਯਾਦੀ ਵਿਧਾਨਕ ਹੱਕ ਹੈ। ਬਹੁਤ ਸਾਰੇ ਦੇਸ਼ਾਂ ਵਿਚ ਜੇ ਰੁਜ਼ਗਾਰ ਨਹੀਂ ਤਾਂ ਗੁਜ਼ਾਰਾ ਭੱਤਾ ਦੇਣਾ ਹਰ ਇਕ ਸਰਕਾਰ ਦਾ ਵਿਧਾਨਿਕ ਫਰਜ਼-ਹੈ, ਬੇਰੁਜ਼ਗਾਰਾਂ ਦੇ ਵਿਸ਼ਾਲ ਸੰਘਰਸ਼ਾਂ ਰਾਹੀਂ ਇਸ ਸਿਸਟਮ ਦੀਆਂ ਜੜ੍ਹਾਂ ਹਿਲਾਉਣ ਦੀ ਲੋੜ ਹੈ।

o ਹਰ ਇਕ ਲਈ ਇਕੋ ਜਿਹੇ ਵਿਦਿਆ ਸਿਸਟਮ ਦੀ ਮੰਗ ਕੀਤੀ ਜਾਏਗੀ। ਪਬਲਿਕ ਸਕੂਲ ਫੌਰਨ ਬੰਦ ਕੀਤੇ ਜਾਣ ਦੀ ਮੰਗ ਕੀਤੀ ਜਾਏਗੀ ਤਾਂ ਜੋ ਵਿਦਿਆ ਨਾਲ ਸਬੰਧਤ ਮੰਗਾਂ ਸਿਰਫ ਵਿਦਿਆਰਥੀ ਜਥੇਬੰਦੀਆਂ ਲਈ ਨਾ ਛੱਡੀਆਂ ਜਾਣਗੀਆਂ ਸਗੋਂ ਇਹਨਾਂ ਨੂੰ ਸਮਾਜ ਦੀਆਂ ਬੁਨਿਆਦੀ ਮੰਗਾਂ ਵਿਚ ਸ਼ਾਮਲ ਕੀਤਾ ਜਾਏਗਾ।

o ਇਹ ਮੰਗ ਕੀਤੀ ਜਾਏਗੀ ਕਿ ਪਿੰਡਾਂ ਅਤੇ

ਸ਼ਹਿਰਾਂ ਦਰਮਿਆਨ ਅਤੇ ਸ਼ਹਿਰਾਂ ਵਿਚ ਅਮੀਰ ਤੇ ਗਰੀਬ ਬਸਤੀਆਂ ਦਰਮਿਆਨ ਦੀਆਂ ਸਮਾਜਕ ਸਹੂਲਤਾਂ ਦਾ ਵਿਕਤਰਾ ਖਤਮ ਕੀਤਾ ਜਾਏ " 80 ਫੀ ਸਦੀ ਲੋਕ ਪਿੰਡਾਂ ਵਿਚ ਰਹਿੰਦੇ ਹੋਣ ਪਰ ਹਸਪਤਾਲ ਦੀ ਸਹੂਲਤ ਹੋਵੇ, ਸੜਕਾਂ ਦੀ ਸਹੂਲਤ ਹੋਵੇ, ਖੇਡ ਗਰਾਊਂਡ ਦੀ ਸਹੂਲਤ ਹੋਵੇ, ਟਰਾਂਸਪੋਰਟ ਦੀ ਸਹੂਲਤ ਹੋਵੇ, ਚੰਗੇ ਮਕਾਨਾਂ ਲਈ ਕਰਜ਼ਾ ,ਜਾਂ ਹੋਰ ਮਾਇਕ ਰਿਐਤ ਹੋਣ ਤਾਂ ਸਿਰਫ 17 ਫੀ ਸਦੀ ਬਜੱਟ ਪਿੰਡਾਂ ਲਈ ਰਖਿਆ ਜਾਂਦਾ ਹੈ। ਇਸ ਤਰ੍ਹਾਂ ਸ਼ਹਿਰ ਦੀਆਂ ਮਿਊਨਸਪੈਲਟੀਆਂ ਸਿਰਫ 13 ਫੀ ਸਦੀ ਬਜੱਟ ਗਰੀਬ ਬਸਤੀਆਂ ਲਈ ਰਖਦੀਆਂ ਹਨ, ਸ਼ਹਿਰਾਂ ਵਿਚ ਜ਼ਮੀਨ ਅਤੇ ਫੇਰ ਉਸਾਰੀ ਦੀਆਂ ਚੀਜ਼ਾਂ ਏਨੀਆਂ ਮਹਿਗੀਆਂ ਹੋ ਗਈਆਂ ਹਨ ਕਿ ਗਰੀਬ ਤਬਕਾ ਸਾਰੀ ਉਮਰ ਢਿੱਡ ਤੇ ਪੱਟੀ ਬੰਨ੍ਹ ਕੇ ਬਚਤ ਵੀ ਕਰੇ ਤਾਂ ਦੋ ਕਮਰੇ ਪਾਉਣ ਦਾ ਸੁਪਨਾ ਨਹੀਂ ਨਹੀਂ ਲੈ ਸਕਦਾ। ਸਹੀ ਕਿਸਮ ਦੀਆਂ ਹਾਊਸਿੰਗ ਸਕੀਮਾਂ ਬਣਨ ਜਿਨ੍ਹਾਂ ਰਾਹੀਂ ਅੱਜ ਦੇ ਯੁੱਗ ਦੀਆਂ ਚੰਗੇ ਜੀਵਨ ਦੀਆਂ ਸਹੂਲਤਾਂ ਦਾ ਸਾਧਾਰਨ ਬੰਦਾ ਹੱਕਦਾਰ ਬਣ ਸਕੇ।

o ਖੇਡਾਂ ਦੇ ਖੇਤ੍ਰ ਵਿਚ ਉਹਨਾਂ ਖੇਡਾਂ ਨੂੰ ਮਾਨਤ ਦਿਤੀ ਜਾਏ ਜਿਹੜੀਆਂ ਲੋਕਾਂ ਦੀਆਂ ਖੇਡਾਂ ਹਨ। ਇਹ ਨਾ ਹੋਏ ਕ੍ਰਿਕਟ ਦਾ ਇਕ ਮਮੂਲੀ ਖਿਡਾਰੀ ਵੀ ਚਰਚਾ ਦਾ ਕੇਂਦਰ ਬਣੇ ਤੇ ਕਬੱਡੀ ਦੇ ਨੈਸ਼ਨਲ ਪੱਧਰ ਦੇ ਖਿਡਾਰੀ ਨੂੰ ਇਲਾਕੇ ਦੇ ਬਾਹਰ ਕੋਈ ਨਾ ਜਾਣਦਾ ਹੋਵੇ। ਕ੍ਰਿਕਟ ਦੇ ਇਕ ਮੈਚ ਉਤੇ ਸਾਰਾ ਦਿਨ ਟੀ.ਵੀ. ਫੋਕਸ ਰਹੇ ਜਦੋਂ ਕਿ ਕਬੱਡੀ ਜਾਂ ਵਾਲੀਬਾਲ ਦੇ ਨੈਸ਼ਨਲ ਪੱਧਰ ਦੇ ਮੈਚਾਂ ਨੂੰ ਕਦੀ ਵੀ ਟੈਲੀਵਿਯਨ ਤੇ ਨਾ ਦਿਖਾਇਆ ਜਾਏ, ਇਹਨਾਂ ਨਿਕੀਆਂ ਨਿਕੀਆਂ ਗੱਲਾਂ ਪਿਛੇ ਜ਼ਹਿਨੀਅਤ ਕੀ ਕੰਮ ਕਰ ਰਹੀ ਹੈ ਤੇ ਸਾਧਾਰਨ ਬੰਦਾ ਕਿਸ ਤਰ੍ਹਾਂ ਦੁਰਕਾਰਿਆ ਜਾ ਰਿਹਾ ਹੈ ਇਹਨਾਂ ਨੂੰ ਇਸ ਸਿਸਟਮ ਨੂੰ ਨਸ਼ਰ ਕਰਨ ਲਈ ਵਰਤਿਆ ਜਾਏ।

o ਰਾਜਸੀ ਚੇਤਨਾ ਦੇਣ ਲਈ ਹਵਾ ਵਿਚ ਤਲਵਾਰਾਂ ਨਾ ਮਾਰੀਆਂ ਜਾਣ ਸਗੋਂ ਠੋਸ ਗੱਲਾਂ ਸਾਧਾਰਨ ਲੋਕਾਂ ਦੀ ਸਮਝ ਵਿਚ ਆਉਣ ਵਾਲੀਆਂ ਦਸੀਆਂ ਜਾਣ।

o ਅਮੀਰਾਂ ਦੀ ਅਯਾਸ਼ੀ ਦੱਸਕੇ ਗ਼ਰੀਬਾਂ ਦੀਆਂ ਥੁੜਾਂ ਦਾ ਅਹਿਸਾਸ ਕਰਵਾਇਆ ਜਾਏ। ਪਿੰਡਾਂ ਦੇ ਵੇਹੜਿਆਂ ਦੀ ਜ਼ਿੰਦਗੀ ਇਕ ਸਮੁੱਚੇ ਪ੍ਰੋਗਰਾਮ ਦੇ ਅਧੀਨ ਸੁਧਾਰਨੀ ਚਾਹੀਦੀ ਹੈ। ਇਹਨਾਂ ਲਈ ਚੰਗੀਆਂ ਰਿਹਾਇਸ਼ੀ ਸਹੂਲਤਾਂ, ਬੱਚਿਆਂ ਲਈ ਵਿਸ਼ੇਸ਼ ਸਕੂਲ ਖੋਲ੍ਹੇ ਜਾਣ (ਜੇਕਰ ਵਿਸ਼ੇਸ਼ ਸਕੂਲ ਚਾਹੀਦੇ ਹਨ ਤਾਂ ਇਹ ਇਹਨਾਂ ਸਾਧਨਹੀਨ ਲੋਕਾਂ ਦੇ ਬੱਚਿਆਂ ਲਈ ਚਾਹੀਦੇ ਹਨ ਤਾਂ ਜੋ ਇਹਨਾਂ ਨੂੰ ਵਿਸ਼ੇਸ਼ ਪੜ੍ਹਾਈ ਕਰਕੇ ਦੂਜਿਆਂ ਦੇ ਬਰਾਬਰ ਲਿਆਂਦਾ ਜਾਏ।)

o ਸਾਡੇ ਪਿੰਡਾਂ ਵਿਚ ਰਾਜਸੀ ਚੇਤਨਾ ਸਭਿਆਚਾਰਕ ਕਦਰਾਂ ਕੀਮਤਾਂ ਨਾਲ ਜੁੜੀ ਹੋਈ ਹੈ। ਇਹ ਕਦਰਾਂ ਕੀਮਤਾਂ ਜਗੀਰੂ ਦੌਰ ਦੀ ਜੱਕੜ ਵਿਚ ਹਨ। ਜ਼ਾਤਪਾਤ, ਦਾ ਵਿਤ੍ਰਕਰਾ ਜੱਟਵਾਦ, ਉਚੀ ਜ਼ਾਤ ਦੀ ਹੈਂਕੜ, ਨੀਵੀਆਂ ਜ਼ਾਤਾਂ ਦੇ ਲੋਕਾਂ ਲਈ ਗਲਤ ਸ਼ਬਦਾਂਵਾਲਾ, ਧਰਮਾਂ ਦੇ ਨਾਂ ਤੇ ਵਹਿਮਾਂ ਭਰਮਾਂ ਦੀ ਜਕੜ। ਸਾਡੇ ਪਿੰਡਾਂ ਦੀਆਂ ਇਕਾਈਆਂ ਜਗੀਰੂ ਗਲਤ ਕੀਮਤਾਂ ਦੇ ਵਿਰੁੱਧ ਸੰਘਰਸ਼ ਕਰਨਗੀਆਂ। ਰੈਸ਼ਨਿਲਸਟ ਇਕਾਈਆਂ ਅਤੇ ਨਾਟਕਾਂ ਦੇ ਪ੍ਰੋਗਰਾਮ ਇਸ ਵਿਚ ਸਹਾਈ ਹੋਣਗੇ।

o ਔਰਤਾਂ ਬਾਰੇ ਵੀ ਇਸ ਤਰ੍ਹਾਂ ਵਿਸ਼ੇਸ਼ ਵਿੰਗ ਬਣਾਏ ਜਾਣਗੇ।

**? ਇਹ ਸਾਰੇ ਪ੍ਰੋਗਰਾਮ ਜਿਨ੍ਹਾਂ ਦਾ ਤੁਸੀਂ ਸੰਕਲਪ ਦਿਤਾ ਹੈ, ਇਹ ਬੁਰਜੂਆ ਸੁਧਾਰਵਾਦੀ ਪ੍ਰੋਗਰਾਮਾਂ ਦੇ ਥਲੇ ਆਂਦੇ ਹਨ। ਕੀ ਇਸ ਗਲ ਦਾ ਖਤਰਾ ਨਹੀਂ ਕਿ ਕੇਂਦਰ ਇਕ ਇਨਕਲਾਬੀ ਕੇਂਦਰ ਦੀ ਥਾਂ ਤੇ ਬੁਰਜੂਆ ਸੁਧਾਰਵਾਦੀ ਕੇਂਦਰ ਬਣਕੇ ਰਹਿ ਜਾਏਗਾ ?**

—ਇਹ ਤਾਂ ਲੀਡਰਸ਼ਿਪ ਉਤੇ ਨਿਰਭਰ ਹੈ ਕਿ ਬੁਰਜੂਆ ਸੁਧਾਰਵਾਦੀ ਪੜਾਅ ਵਿਚ ਕਿਸ ਤਰ੍ਹਾਂ ਸ਼ਾਮਲ ਹੋਣਾ ਹੈ। ਸੁਧਾਰਵਾਦੀ ਪ੍ਰੋਗਰਾਮ ਅਤੇ ਮੰਗਾਂ ਨਾਲ ਜਦੋਂ ਅਸੀਂ ਸਾਧਾਰਨ ਲੋਕਾਂ ਨੂੰ ਜੋੜਾਂਗੇ ਤਾਂ ਹੀ ਉਹਨਾਂ ਨੂੰ ਇਹ ਤਾਲੀਮ ਦੇ ਸਕਾਂਗੇ ਕਿ ਇਹ ਅਸਲ ਵਿਚ ਤਾਂ ਹੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜੇ ਇਸ ਸਿਸਟਮ ਨੂੰ ਖਤਮ ਕੀਤਾ ਜਾਏ, ਇਹਨਾਂ ਸੁਧਾਰਵਾਦੀ ਪ੍ਰੋਗਰਾਮਾਂ ਵਿਚ ਸੁਹਿਰਦਤ ਨਾਲ ਕੰਮ ਕਰਕੇ ਅਸੀਂ ਲੋਕਾਂ ਵਿਚ ਆਪਣਾ ਆਧਾਰ ਬਣਾਵਾਂਗੇ ਤੇ ਉਥੋਂ ਹੀ ਸਿਆਸੀ ਸਰਗਰਮੀਆਂ ਲਈ ਹਰਾਵਲ ਦਸਤੇ ਜਥੇਬੰਦ ਕੀਤੇ ਜਾ ਸਕਣਗੇ। ਲੀਡਰਸ਼ਿਪ ਦੀ ਯੋਗਤਾ ਤਾਂ ਹੀ ਅਜ਼ਮਾਈ ਜਾ ਸਕਦੀ ਹੈ ਕਿ ਇਕ ਪੜਾਅ ਤੋਂ ਦੂਜੇ ਪੜਾਅ ਵਿਚ ਕਿਸ ਤਰ੍ਹਾਂ ਦਾਖਲ ਹੋਣਾ ਹੈ ਅਤੇ ਤਾਕਤ ਨੂੰ ਮੁੱਖ ਰੱਖਕੇ ਕਿਸ ਵੇਲੇ ਦੁਸ਼ਮਣ ਤੇ ਵਾਰ ਕਰਨਾ ਹੈ। ਦੁਸ਼ਮਣ ਮੋਟੇ ਸ਼ਬਦਾਂ ਵਿਚ ਉਹੀ ਹਨ ਜੋ ਇਸ ਸਿਸਟਮ ਨੂੰ ਕਾਇਮ ਰਖਣਾ ਚਾਹੁੰਦੇ ਹਨ। ਉਹ ਜੇ ਸਿਆਸਤ ਰਾਹੀਂ ਵਿਚਰਦੇ ਹਨ ਤਾਂ ਉਹਨਾਂ ਨੂੰ ਸਿਆਸਤ ਨਾਲ ਭਾਂਜ ਦਿਤੀ ਜਾਏ। ਜੇ ਉਹ ਜਬਰ ਤੇ ਉਤਰਦੇ ਹਨ ਤਾਂ ਢੁਕਵਾਂ ਜਵਾਬ ਉਸ ਨੂੰ ਦਿਤਾ ਜਾਏ।

**? ਪੰਜਾਬ ਦਾ ਮਸਲਾ ਇਨਕਲਾਬੀ ਕੇਂਦਰ ਦੇ ਪ੍ਰੋਗਰਾਮ ਵਿਚ ਕੀ ਥਾਂ ਰੱਖਦਾ ਹੈ ?**

—ਪੰਜਾਬ ਦਾ ਮੌਜੂਦਾ ਮਸਲਾ ਲਿਆ ਜਾਏ ਤਾਂ ਇਹ ਸਾਫ ਹੈ ਕਿ ਸਾਡੀ ਧਿਰ ਇਸ ਝਗੜੇ ਵਿਚ ਸਰਗਰਮ ਧਿਰ ਨਹੀਂ। ਅਸੀਂ ਨਾ ਹੀ ਮੋਰਚਾ ਲਗਾਉਣ ਵਾਲਿਆਂ ਵਿਚੋਂ ਸਾਂ, ਨਾ ਹੀ ਮੋਰਚੇ ਨੂੰ ਦਬਾਉਣ ਵਾਲਿਆਂ ਵਿਚੋਂ ਸਾਂ। ਨਾ ਹੀ ਦਰਬਾਰ ਸਾਹਿਬ ਵਿਚ ਕਿਲੇਬੰਦੀਆਂ ਕਰਨ ਵਾਲਿਆਂ ਵਿਚੋਂ ਸਾਂ ਤੇ ਨਾ ਹੀ ਦਰਬਾਰ ਸਾਹਿਬ ਢਾਹੁਣ ਵਾਲਿਆਂ ਵਿਚੋਂ ਸਾਂ। ਨਾ ਹੀ ਨਿਰਦੋਸ਼ ਲੋਕਾਂ ਦੇ ਕਾਤਲਾਂ ਵਿਚੋਂ ਹਾਂ ਤੇ ਨਾ ਹੀ ਝੂਠੇ ਪੁਲਸ ਮੁਕਾਬਲੇ ਬਣਾ ਕੇ ਲੋਕਾਂ ਨੂੰ ਮਾਰਨ ਵਾਲਿਆਂ ਵਿਚੋਂ ਹਾਂ। ਧਰਮ ਆਧਾਰਤ ਸਿਆਸਤ ਦਾ ਪਿਛਾਖੜ-ਪਨ ਵੀ ਸਾਡੇ ਸਾਹਮਣੇ ਹੈ, ਇਹਦੇ ਨਾਲ ਇਕ ਬੁਰਜੂਆ ਸਟੇਟ ਦੀ ਸਾਰੀ ਜਾਬਰ ਮਸ਼ੀਨਰੀ ਵੀ ਸਾਡੇ ਸਾਹਮਣੇ ਨੰਗੀ ਹੈ, ਅਸੀਂ ਇਹਨਾਂ ਹਾਲਾਤਾਂ ਬਾਰੇ ਆਪਣੀ ਸਪੱਸ਼ਟ ਰਾਏ ਰੱਖਦੇ ਹਾਂ। ਲੋਕਾਂ ਨੂੰ ਇਸ ਸਭ ਕੁਝ ਬਾਰੇ ਚੇਤਨ ਕਰਦੇ ਹਾਂ। ਸਾਨੂੰ ਆਪ ਇਸ ਸਿਆਸਤ ਵਿਚ ਸਰਗਰਮੀ ਨਾਲ ਨਹੀਂ ਉਲਝਣਾ ਚਾਹੀਦਾ ਤੇ ਨਾ ਹੀ ਸਾਡੇ ਕੋਲੋਂ ਇਸ ਦੀ ਉਮੀਦ ਕੀਤੀ ਜਾਂਦੀ ਹੈ। ਅਸੀਂ ਅਸੂਲਨ ਚਾਹੁੰਦੇ ਹਾਂ ਕਿ ਜੋਧਪੁਰ ਦੇ ਸਿਆਸੀ ਕੈਦੀ ਰਿਹਾ ਕੀਤੇ ਜਾਣ ਪਰ ਉਹਨਾਂ ਦੀ ਰਿਹਾਈ ਲਈ ਸਰਗਰਮ ਸੰਘਰਸ਼ ਸਾਡੇ ਪ੍ਰੋਗਰਾਮ ਵਿਚ ਅਵਲ ਜਾਂ ਦੋਮ ਦਰਜੇ ਨਹੀਂ ਰੱਖਦੇ। ਸਾਡੇ ਸੰਘਰਸ਼ਾਂ ਦੀ ਆਪਣੀ ਸੇਧ ਹੋਣੀ ਚਾਹੀਦੀ ਹੈ, ਇਸ ਪੂਛਲਵਾਦ ਸਿਆਸਤ ਤੋਂ ਅਸੀਂ ਬਚਣਾ ਹੈ ਅਤੇ ਬੁਰਜੂਆਜੀ ਦੀਆਂ ਦੋ ਧਿਰਾਂ ਦੀ ਲੜਾਈ ਵਿਚ ਆਪਣੇ ਆਪ ਨੂੰ ਉਲਝਾਣਾ ਨਹੀਂ। ਅਸੀਂ ਪੰਜਾਬ ਦੇ ਮਸਲੇ ਦਾ ਹਲ ਮੰਗਦੇ ਹਾਂ ਜਿਸਦੇ ਨਾਲ ਸਾਰੇ ਲੋਕਾਂ ਨੂੰ ਚੈਨ ਮਿਲੇ। ਚੰਗੀ ਜ਼ਿੰਦਗੀ ਦੇ ਲਈ ਸੰਘਰਸ਼ਾਂ ਵਿਚੋਂ ਇਹ ਵੀ ਸੰਘਰਸ਼ ਹੈ ਪਰ ਇਹਦੇ ਬਾਰੇ ਅਸੀਂ ਆਪਣੇ ਮੰਚ ਤੇ ਖਲੋ ਕੇ ਆਜ਼ਾਦਾਨਾ ਤੌਰ ਤੇ ਆਪਣੀ ਰਾਏ ਦੇਵਾਂਗੇ।

**? ਫਿਰਕਾਪ੍ਰਸਤੀ ਅਤੇ ਜਬਰ ਵਿਰੋਧੀ ਫਰੰਟ ਜੋ ਬਣਿਆ ਹੈ, ਇਹ ਉਸ ਸਮੇਂ ਵਿਚ ਬਣਿਆ ਹੈ, ਜਦੋਂ ਤੁਸੀਂ ਇਨਕਲਾਬੀ ਕੇਂਦਰ ਉਸਾਰਨ ਲਈ ਸੱਦਾ ਦਿਤਾ, ਕੀ ਇਹ ਉਹ ਏਕਤਾ ਉਸਾਰਨ ਵਿਚ ਰੁਕਾਵਟ ਨਹੀਂ ਹੋਏਗਾ ?**

—ਨਹੀਂ, ਇਹ ਰੁਕਾਵਟ ਕਿਉਂ ਹੋਵੇਗਾ। ਜਿਥੋਂ ਤੱਕ ਮੇਰੀ ਜਾਣਕਾਰੀ ਹੈ ਇਸ ਫਰੰਟ ਵਿਚ ਸ਼ਾਮਲ 6 ਧਿਰਾਂ ਮੇਰੇ ਸੱਦੇ ਤੋਂ ਪਹਿਲਾਂ ਵੀ ਇਸ ਫਰੰਟ ਬਾਰੇ ਗੱਲਬਾਤ ਕਰ ਰਹੀਆਂ ਸਨ। ਇਹ ਫਰੰਟ ਬਣਿਆਂ ਹੈ। ਇਹ ਵੀ ਏਕਤਾ ਵੱਲ ਕਦਮ ਹੈ। ਇਹ ਵਧੀਆ ਗੱਲ ਹੈ, ਮੈਂ ਤਾਂ ਇਸਤੋਂ ਵੱਧ ਵੀ ਜਾਣਾ ਚਾਹਾਂਗਾ। ਇਸਦੇ ਵਿਚ ਪੈਗ਼ਾਮ ਗਰੁੱਪ ਜਾਂ ਸਰਾਫ ਗਰੁੱਪ ਤਾਂ ਨਹੀਂ ਸ਼ਾਮਲ ਹੋ ਸਕਦੇ ਸੀ ਕਿਉਂਕਿ ਉਹਨਾਂ ਦੀ ਪਹੁੰਚ ਪੰਜਾਬ ਦੇ ਮਸਲੇ ਤੇ ਇਹਨਾਂ 6 ਗਰੁੱਪਾਂ ਤੋਂ ਵੱਖਰੀ ਹੈ, ਪਰ ਮੈਨੂੰ ਇਸ ਗੱਲ ਤੇ ਜ਼ਰੂਰ ਮਾਯੂਸੀ ਹੋਈ ਹੈ ਕਿ ਚੰਦਰ ਪੁਲਾ ਰੈਡੀ ਗਰੁੱਪ ਤੇ ਐਸ.ਐਨ. ਗਰੁੱਪ ਇਸ ਫਰੰਟ ਵਿਚ ਸ਼ਾਮਲ ਨਹੀਂ ਹੋਏ ਜਾਂ ਸ਼ਾਮਲ ਕੀਤੇ ਨਹੀਂ ਗਏ। ਮੇਰੀ ਸਮਝ ਅਨੁਸਾਰ ਪੰਜਾਬ ਮਸਲੇ ਬਾਰੇ ਇਹਨਾਂ ਦੋਨਾਂ ਗਰੁਪਾਂ ਦਾ ਸਟੈਂਡ ਫਰੰਟ ਦੇ ਸਟੈਂਡ ਨਾਲ ਮਿਲਦਾ ਹੈ। ਏਕਤਾ ਦਾ ਘੇਰਾ ਜਿਨ੍ਹਾਂ ਵੱਡਾ ਹੋ ਸਕੇ ਉਨ੍ਹਾਂ ਹੀ ਚੰਗਾ ਹੈ। ਮੈਂ ਫਰੰਟ ਤੋਂ ਚੰਗੇ ਕੰਮ ਦੀ ਆਸ ਰੱਖਦਾ ਹਾਂ।

**? ਕੀ ਇਨਕਲਾਬੀ ਏਕਤਾ ਕੇਂਦਰ ਵਿਚ ਪੈਗ਼ਾਮ ਗਰੁੱਪ ਜਾਂ ਸਰਾਫ ਗਰੁੱਪ ਆ ਸਕਣਗੇ ?**

—ਮੇਰਾ ਜੋ ਸੰਕਲਪ ਹੈ, ਉਸ ਅਨੁਸਾਰ ਇਨਕਲਾਬੀ ਏਕਤਾ ਕੇਂਦਰ ਵਿਚ ਪੈਗ਼ਾਮ ਗਰੁੱਪ ਅਤੇ ਸਰਾਫ ਗਰੁੱਪ ਵੀ ਸ਼ਾਮਿਲ ਹੋ ਸਕਣਗੇ। ਲੋਕਾਂ ਦੇ ਬੁਨਿਆਦੀ ਮਸਲਿਆਂ ਵੱਲ ਉਹ ਵੀ ਉਹੀ ਪਹੁੰਚ ਰੱਖਦੇ ਹਨ, ਜੋ ਬਾਕੀ ਕਮਿਊਨਿਸਟ ਇਨਕਲਾਬੀ ਗਰੁੱਪ ਰੱਖਦੇ ਹਨ। ਜਿਸ ਤਰ੍ਹਾਂ ਮੈਂ ਉਤੇ ਕਿਹਾ ਹੈ, ਇਨਕਲਾਬੀ ਏਕਤਾ ਕੇਂਦਰ ਸਿਰਫ ਪੰਜਾਬ ਦੇ ਮੌਜੂਦਾ ਮਸਲੇ ਨੂੰ ਹਲ ਕਰਨ ਲਈ ਨਹੀਂ ਬਣਾਇਆ ਜਾ ਰਿਹਾ। ਇਹ ਮਸਲਾ ਬੁਰਜੂਆ ਸਿਆਸਤ ਦੇ ਸੰਕਟ ਦੀ ਉਪਜ ਹੈ। ਬੁਰਜੂਆ ਸਿਆਸਤ ਦੀ ਲੋੜ ਹੋਵੇਗੀ ਕਿ ਇਸਨੂੰ ਬਹੁਤਾ ਲਮਕਾਇਆ ਨਾ ਜਾਏ। ਅਸੀਂ ਇਸ ਮਸਲੇ ਵਿਚ ਸਰਗਰਮ ਧਿਰ ਨਹੀਂ ਹਾਂ। ਸਾਨੂੰ ਇਹ ਗੱਲ ਸਵੀਕਾਰ ਕਰਨੀ ਚਾਹੀਦੀ ਹੈ ਤੇ ਖਾਹਮਖਾਹ ਇਸ ਵਿਚ ਕੁੱਦਣਾ ਸਾਡਾ ਨਹੀਂ ਬਣਦਾ। ਚੰਡੀਗੜ੍ਹ ਕਿਧਰ ਜਾਏ ? ਪਾਣੀ ਤੇ ਬਿਜਲੀ ਦੀ ਵੰਡ ਕਿਸ ਤਰ੍ਹਾਂ ਹੋਵੇ ? ਸੈਂਟਰ ਅਤੇ ਸਟੇਟਾਂ ਤੇ ਇਖਤਿਆਰ ਕਿਸ ਤਰ੍ਹਾਂ ਵੰਡੇ ਜਾਣ ? ਇਹਨਾਂ ਮਸਲਿਆਂ ਬਾਰੇ ਸਾਡੀ ਰਾਏ ਹੋ ਸਕਦੀ ਹੈ ਪਰ ਇਹ ਸਾਡੀ ਸਿਆਸਤ ਦਾ ਧੁਰਾ ਨਹੀਂ ਹੋ ਸਕਦੇ। ਇਹਨਾਂ ਮਸਲਿਆਂ ਦੇ ਹੱਲ ਨਾਲ ਸਾਧਾਰਨ ਬੰਦੇ ਦੇ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦਾ। ਬੁਰਜੂਆ ਸਿਆਸਤ ਦੀ ਕੋਸ਼ਿਸ਼ ਹੋਵੇਗੀ ਕਿ ਇਹੋ ਜਿਹੇ ਮਸਲੇ ਚੁਕਦੇ ਰਹਿਣ ਅਤੇ ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਲਾਂਭੇ ਕਰਦੇ ਰਹਿਣ ਪਰ ਸਾਡਾ ਸਾਰਾ ਯਤਨ ਹੋਵੇਗਾ ਕਿ ਅਸੀਂ ਇਸ ਸਿਆਸਤ ਦੇ ਬੇਤੁੱਕੇਪਨ ਨੂੰ ਲੋਕਾਂ ਵਿਚ ਨਸ਼ਰ ਕਰੀਏ। ਬੁਰਜੂਆ ਸਿਆਸਤ ਦੀ ਚਾਕਰੀ ਕਰਨ ਵਾਲਾ ਪ੍ਰੈਸ ਤਾਂ ਹਰ ਚੌਥੇ ਦਿਨ ਕਿਸੇ ਨਾ ਕਿਸੇ ਖਬਰ ਨੂੰ ਸਨਸਨੀਖੇਜ਼ ਤਰੀਕੇ ਨਾਲ ਉਛਾਲੇਗਾ। ਕਦੀ

ਬਰਨਾਲੇ ਦਾ ਕਾਕਾ ਚੰਡੀਗੜ੍ਹ ਚੋਰਾਂ ਦੇ ਗਰੋਹ ਦਾ ਮੈਂਬਰ ਦਸਿਆ ਜਾਏਗਾ ਕਦੀ ਅਕਾਲੀ ਵਜ਼ੀਰ ਸੰਧੂ ਕਿਸੇ ਥਾਣੇਦਾਰ ਦੀ ਵਰਦੀ ਪਾੜ ਕੇ ਅਖਬਾਰਾਂ ਦੀ ਵੱਡੀ ਸੁਰਖੀ ਬਣ ਜਾਏਗਾ। ਅਸੀਂ ਇਹਨਾਂ ਸਭ ਗੱਲਾਂ ਬਾਰੇ ਆਪਣੀ ਰਾਏ ਦਸ ਕੇ ਬੁਰਜੂਆ ਸਿਆਸਤ ਅਤੇ ਬੁਰਜੂਆ ਕਾਨੂੰਨ ਦੀਆਂ ਧੱਜੀਆਂ ਉਡਾਵਾਂਗੇ। ਸਾਡਾ ਵੱਡਾ ਯਤਨ ਹੋਵੇਗਾ ਕਿ ਅਸੀਂ ਲੋਕਾਂ ਨੂੰ ਸਹੀ ਸਿਆਸਤ ਵੱਲ ਲਿਆਈਏ। ਇਸੇ ਲਈ ਅਸੀਂ ਇਕ ਸ਼ਕਤੀਸ਼ਾਲੀ ਕੇਂਦਰ ਬਨਾਉਣਾ ਚਾਹੁੰਦੇ ਹਾਂ। ਪੰਜਾਬ ਦੇ ਮਸਲੇ ਬਾਰੇ ਗਰੁੱਪਾਂ ਦੀ ਵੱਖ ਵੱਖ ਪਹੁੰਚ ਜੋ ਵੀ ਹੋਏ, ਉਹ ਉਸਦਾ ਪਰਚਾਰ ਆਪਣੀਆਂ ਅਖਬਾਰਾਂ ਵਿਚ ਜਾਂ ਆਪਣੇ ਪਲੇਟਫਾਰਮ ਤੇ ਕਰ ਸਕਦੇ ਹਨ ਪਰ ਸਾਂਝੇ ਮੰਚ ਤੋਂ ਉਹੀ ਪ੍ਰੋਗਰਾਮ ਲੋਕਾਂ ਵਿਚ ਲਿਆਇਆ ਜਾਏਗਾ ਜਿਸ ਬਾਰੇ ਆਮ ਸਹਿਮਤੀ ਹੋਵੇਗੀ।

**? ਕੀ ਪਲਸ ਮੰਚ ਵੀ ਆਪਣੀਆਂ ਸਰਗਰਮੀਆਂ ਇਸ ਇਨਕਲਾਬੀ ਕੇਂਦਰ ਦੇ ਘੇਰੇ ਵਿਚ ਕਰੇਗਾ?**

–ਇਹ ਸਵਾਲ ਤੁਸੀਂ ਸ਼ਾਇਦ ਤਾਂ ਪੁੱਛਿਆ ਹੈ ਕਿਉਂਕਿ ਮੈਂ ਪਲਸ ਮੰਚ ਦਾ ਪ੍ਰਧਾਨ ਹਾਂ। ਪਲਸ ਮੰਚ ਇਨਕਲਾਬੀ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਇਕ ਸਭਿਆਚਾਰਕ ਸੰਸਥਾ ਹੈ। ਇਹਦਾ ਆਪਣਾ ਵਿਧਾਨ ਅਤੇ ਐਲਾਨਨਾਮਾ ਹੈ। ਕੀ ਇਹ ਇਨਕਲਾਬੀ ਕੇਂਦਰ ਦੀ ਇਕ-ਸਹਿਯੋਗੀ ਸੰਸਥਾ ਹੋ ਕੇ ਕੰਮ ਕਰ ਸਕੇਗੀ, ਇਹਦਾ ਫੈਸਲਾ ਤਾਂ ਪਲਸ ਮੰਚ ਦਾ ਜਨਰਲ ਹਾਊਸ ਹੀ ਕਰ ਸਕਦਾ ਹੈ। ਜਨਰਲ ਹਾਊਸ ਦੀ ਮੀਟਿੰਗ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਹੁੰਦੀ ਹੈ।

ਅਮ੍ਰਿਤਸਰ ਨਾਟਕ-ਕਲਾ ਕੇਂਦਰ ਬਾਰੇ ਮੈਂ ਕਹਿ ਸਕਦਾ ਹਾਂ ਕਿ ਇਹ ਹਰ ਪੜਾਅ ਤੇ ਇਨਕਲਾਬੀ ਕੇਂਦਰ ਦੀ ਸਹਿਯੋਗੀ ਸੰਸਥਾ ਹੋਵੇਗੀ।

**? ਹੋਰ ਕੋਈ ਗੱਲ ਜੋ ਤੁਸੀਂ ਇਹ ਕੇਂਦਰ ਉਸਾਰਨ ਬਾਰੇ ਆਪਣੇ ਵਲੋਂ ਕਹਿਣਾ ਚਾਹੋਗੇ।**

–ਮੈਂ ਆਪਣੇ ਵਿਚਾਰ ਸਪੱਸ਼ਟ ਤੌਰ ਤੇ ਲਿਖਤ ਵਿਚ ਲਿਆਂਦੇ ਹਨ। ਮੈਂ ਇਨਕਲਾਬੀ ਲਹਿਰ ਨੂੰ ਇਕ ਵਿਸ਼ਾਲ ਅਵਾਮੀ ਲਹਿਰ ਦੇ ਰੂਪ ਵਿਚ ਵਿਕਾਸ ਕਰਨ ਦੇ ਹੱਕ ਵਿਚ ਹਾਂ ਪਰ ਇਹ ਕੋਈ ਅੰਤਮ ਵਿਚਾਰ ਨਹੀਂ। ਜਥੇਬੰਦੀ ਦੀ ਰੂਪ ਰੇਖਾ ਅਤੇ ਪ੍ਰੋਗਰਾਮ ਉਹੀ ਅਪਣਾਇਆ ਜਾ ਸਕਦਾ ਹੈ, ਜਿਸ ਬਾਰੇ ਵੱਧ ਤੋਂ ਵੱਧ ਸਹਿਮਤੀ ਹੋਵੇਗੀ। ਰਾਵਾਂ ਜਾਣਨ ਲਈ ਸਮਤਾ ਵਿਚ ਬਹੁਤ ਸਾਰੀਆਂ ਚਿੱਠੀਆਂ ਇਸ ਵਿਸ਼ੇ ਤੇ ਛਾਪੀਆਂ ਜਾ ਰਹੀਆਂ ਹਨ। ਇਨਕਲਾਬੀ ਕੇਡਰ ਇਸ ਵੇਲੇ ਕੀ ਚਾਹੁੰਦਾ ਹੈ ਤੇ ਕੀ ਸੋਚਦਾ ਹੈ, ਇਹਦੇ ਬਾਰੇ ਚਿੱਠੀਆਂ ਵਿਚੋਂ ਕਾਫੀ ਚਾਨਣਾ ਮਿਲਦਾ ਹੈ। ਸਾਂਝਾ ਪਲੇਟਫਾਰਮ ਉਸਾਰਨਾ ਸਾਂਝੇ ਪ੍ਰੋਗਰਾਮ ਉਲੀਕਣਾ ਕੋਈ ਮੁਸ਼ਕਿਲ ਗੱਲ ਨਹੀਂ ਹੋਣੀ ਚਾਹੀਦੀ। ਲੋੜ ਇਕ ਦੂਜੇ ਦੀ ਦ੍ਰਿਸ਼ਟੀ ਨੂੰ ਸਮਝਣ ਦੀ ਅਤੇ ਇਕ ਡਸਿਪਲਿਨ ਵਿਚ ਰਹਿਣ ਦੀ ਹੈ। ਮਿਲ ਕੇ ਬੈਠਾਂਗੇ ਤੇ ਵਿਚਾਰਾਂਗੇ ਕਿ ਕਿਸਾਨਾਂ ਵਿਚ, ਮਜ਼ਦੂਰਾਂ ਵਿਚ, ਖੇਤ ਮਜ਼ਦੂਰਾਂ ਵਿਚ, ਵਿਦਿਆਰਥੀਆਂ ਵਿਚ, ਔਰਤਾਂ ਵਿਚ, ਮੁਲਾਜ਼ਮਾਂ ਵਿਚ ਇਨਕਲਾਬ ਦਾ ਸੁਨਿਹਾ ਅਤੇ ਪ੍ਰੋਗਰਾਮ ਕਿਸ ਤਰ੍ਹਾਂ ਲੈ ਕੇ ਜਾਣਾ ਹੈ। ਕੰਮ ਅਤੇ ਏਕਤਾ ਸਾਡਾ ਵੱਡਾ ਨਾਅਰਾ ਹੈ।

–ਗੁਰਸ਼ਰਨ ਸਿੰਘ

---

## ਇਪਾਨਾ ਦੀ ਪੰਜਵੀਂ ਜਨਰਲ ਕਨਵੈਨਸ਼ਨ (ਪਰੈੱਸ ਰਲੀਜ਼)

(ਅਗਸਤ 29, 1986)

ਅਗਸਤ 16-17, 1986 ਨੂੰ ਇਪਾਨਾ ਦੀ ਪੰਜਵੀਂ ਜਨਰਲ ਕਨਵੈਨਸ਼ਨ ਵੈਨਕੂਵਰ, ਬੀ. ਸੀ. ਵਿਚ ਹੋਈ। ਇਸ ਨਾਲ ਇਪਾਨਾ ਨੇ ਅਪਣਾ ਗਿਆਰਵਾਂ ਸਾਲ ਪੂਰਾ ਕੀਤਾ। ਇਪਾਨਾ ਦੀ ਪਹਿਲੀ ਕਨਵੈਨਸ਼ਨ 1975 ਵਿਚ ਹੋਈ ਸੀ। ਪਿਛਲੇ ਸਾਲਾਂ ਦੇ ਕੰਮਾਂ ਦਾ ਲੇਖਾ-ਜੋਖਾ ਕੀਤਾ ਅਤੇ ਇਸਦੇ ਨਾਲ ਨਾਲ ਆਉਣ ਵਾਲੇ ਸਮੇਂ ਵਿਚ ਕਰਨ ਵਾਲੇ ਟੀਚੇ ਮਿਥੇ ਗਏ।

ਪਿਛਲੇ ਕੁੱਝ ਸਾਲਾਂ ਤੋਂ ਇਪਾਨਾ ਦੇ ਮਕਸਦ ਅਤੇ ਬੁਨਿਆਦੀ ਕੰਮਾਂ ਨੂੰ ਲੈਕੇ ਜੱਥੇਬੰਦੀ ਵਿਚ ਕੁੱਝ ਸਿਆਸੀ ਮੱਤਭੇਦ ਪੈਦਾ ਹੋ ਗਏ ਸਨ। ਕਨਵੈਨਸ਼ਨ ਵਿਚ ਇਸ ਬਾਰੇ ਪੂਰੀ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਹੋਇਆ ਅਤੇ ਕਨਵੈਨਸ਼ਨ ਨੇ ਫੈਸਲਾ ਕੀਤਾ ਕਿ ਇਪਾਨਾ ਦਾ 1975-76 ਵਾਲਾ ਮੁੱਢਲਾ ਸਿਆਸੀ ਮਤਾ (ਕਿ ਭਾਰਤ ਵਿਚ ਸੱਚੀ-ਆਜ਼ਾਦੀ ਅਤੇ ਸੱਚੀ-ਜਮਹੂਰੀਅਤ ਲਈ ਚੱਲ ਰਹੇ ਇਨਕਲਾਬੀ ਘੋਲਾਂ ਲਈ ਮੱਦਦ ਲਾਮਬੰਦ ਕਰਨੀ), ਦਰੁੱਸਤ ਹੈ, ਅਤੇ ਲੋਕਾਂ ਵਿਚ ਜੱਥੇਬੰਦੀ ਦੇ ਕੰਮਾਂ ਦੀ ਸੇਧ ਵੀ ਇਸੇ ਤੋਂ ਹੀ ਲਈ ਜਾਵੇ। ਕਨਵੈਨਸ਼ਨ ਨੇ ਨੋਟ ਕੀਤਾ ਕਿ ਬੇਸ਼ੱਕ ਭਾਰਤ ਵਿਚ ਕੁੱਝ ਤਬਦੀਲੀਆਂ ਆਈਆਂ ਹਨ, ਪਰ ਅਜੇ ਵੀ ਭਾਰਤ ਇਕ ਅਰਧ-ਬਸਤੀਵਾਦ ਅਤੇ ਅਰਧ-ਜਾਗੀਰੂ (Semi-Colonial & Semi-feudal) ਸਮਾਜ ਹੈ; ਇਸ ਲਈ ਭਾਰਤ ਵਿਚ ਇਨਕਲਾਬੀ ਘੋਲਾਂ ਦੀ ਅਜੋਕੀ ਸਥਿਤੀ ਨਵ-ਜਮਹੂਰੀ ਇਨਕਲਾਬ ਦੀ ਹੈ। ਬੁਨਿਆਦੀ ਤੌਰ 'ਤੇ ਇਸਦਾ ਮਤਲਬ ਹੈ: (1) ਦੇਸ਼ ਵਿਚ ਸੱਚੀ ਆਜ਼ਾਦੀ ਲਿਆਉਣ ਲਈ ਸਾਮਰਾਜੀ ਦਬਦਬੇ-ਖਾਸ

ਕਰਕੇ ਦੋਨੋਂ ਵੱਡੀਆਂ ਤਾਕਤਾਂ ਰੂਸ ਅਤੇ ਅਮਰੀਕਾ ਦੇ ਦਾਬੇ ਨੂੰ ਹਰਾਉਣਾ ਜ਼ਰੂਰੀ ਹੈ, ਅਤੇ (2) ਭਾਰਤੀ ਜਨਤਾ ਲਈ ਸੱਚੀ ਆਜ਼ਾਦੀ ਹਾਸਲ ਕਰਨ ਲਈ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੀ ਹਾਕਮ ਜਮਾਤ ਦੀ ਤਾਨਾਸ਼ਾਹੀ ਨੂੰ ਹਰਾਉਣਾਂ ਜ਼ਰੂਰੀ ਹੈ। ਇਨਕਲਾਬ ਦਾ ਰਾਹ ਨਕਸਲਬਾੜੀ ਦੇ ਬਹਾਦਰ ਕਿਸਾਨੀ ਘੋਲ ਨੇ ਦਿਖਾਇਆ ਹੈ, ਜੋ ਕਿ ਇਕ ਲੰਮੇਰੇ ਘੋਲ ਅਤੇ ਹਥਿਆਰਬੰਦ ਕਿਸਾਨੀ ਇਨਕਲਾਬ ਦਾ ਰਾਹ ਹੈ। ਇਸ ਤਰ੍ਹਾਂ ਇਪਾਨਾ ਨੇ ਭਾਰਤ ਦੀ ਇਨਕਲਾਬੀ ਪ੍ਰਕ੍ਰਿਆ ਨੂੰ ਅੱਗੇ ਵਧਾਉਣ ਲਈ ਭਾਰਤੀ ਲੋਕਾਂ ਦੇ ਦੇਸ਼ ਭਗਤੀ, ਜਮਹੂਰੀ ਅਤੇ ਅਗਾਂਹਵਧੂ ਘੋਲਾਂ ਲਈ ਮੱਦਦ ਇਕੱਠੀ ਕਰਨ ਦੇ ਇਰਾਦੇ ਨੂੰ ਮੁੜ ਪੱਕਿਆਂ ਕੀਤਾ।

ਕਿਉਂ ਕਿ ਭਾਰਤ ਵਿਚ ਰਾਜੀਵ ਗਾਂਧੀ ਦੀ ਕਾਂਗਰਸ ਪਾਰਟੀ ਅਤੇ ਉਸਦੀ ਸਰਕਾਰ ਦੀ ਸ਼ਹਿ ਨਾਲ ਫਿਰਕੂ ਹਿੰਸਾ ਅਤੇ ਫਿਰਕੂ ਸ਼ਾਵਨਵਾਦ ਨੇ ਭਾਰਤੀ ਲੋਕਾਂ, ਇਨਕਲਾਬੀ ਤਾਕਤਾਂ ਅਤੇ ਭਾਰਤ ਦੇ ਸਮਾਜਕ ਢਾਂਚੇ ਲਈ ਇਕ ਭਿਆਨਕ ਖਤਰਾ ਪੈਦਾ ਕਰ ਦਿੱਤਾ ਹੈ, ਇਸ ਲਈ ਇਪਾਨਾ ਦੀ ਇਸ ਪੰਜਵੀਂ ਕਨਵੈਨਸ਼ਨ ਵਿਚ ਇਹ ਫੈਸਲਾ ਕੀਤਾ ਗਿਆ ਕਿ ਫਿਰਕਾਪ੍ਰਸਤੀ ਵਿਰੁੱਧ ਘੋਲ, ਇਪਾਨਾ ਦੇ ਫੌਰੀ ਅਤੇ ਅਤੀ ਜ਼ਰੂਰੀ ਕੰਮਾਂ ਵਿਚੋਂ ਹੈ, ਅਤੇ ਇਸ ਲਈ ਫਿਰਕਾਪ੍ਰਸਤੀ ਵਿਰੁੱਧ ਲੜਾਈ ਲੜਨ ਲਈ ਉੱਤਰੀ ਅਮਰੀਕਾ ਦੀਆਂ ਸਾਰੀਆਂ ਦੇਸ਼ ਭਗਤ ਅਤੇ ਜਮਹੂਰੀ ਜਥੇਬੰਦੀਆਂ ਨਾਲ ਤਾਲਮੇਲ ਕੀਤਾ ਜਾਵੇ।

ਕਨਵੈਨਸ਼ਨ ਨੇ ਮਤਾ ਪਾਸ ਕਰਕੇ 19 ਅਪਰੈਲ, 1986 ਨੂੰ ਅਰਵਲ, ਬਿਹਾਰ ਦੇ ਇਲਾਕੇ ਵਿਚ ਭਾਰਤੀ ਸਟੇਟ ਵਲੋਂ 60 ਤੋਂ ਵਧ ਬੇਜ਼ਮੀਨੇ ਕਿਸਾਨਾਂ ਦੇ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਵੱਡੇ ਜ਼ਿਮੀਦਾਰਾਂ ਅਤੇ ਸਟੇਟ ਦੇ ਅਤਿਆਚਾਰਾਂ ਵਿਰੁੱਧ ਗਰੀਬ ਅਤੇ ਬੇਜ਼ਮੀਨੇ ਕਿਸਾਨਾਂ ਦੇ ਘੋਲ ਭਾਰਤੀ ਇਨਕਲਾਬੀ ਪ੍ਰਕ੍ਰਿਆ ਦਾ ਇਕ ਮਹੱਤਵਪੂਰਨ ਅੰਗ ਹੈ। ਕਨਵੈਨਸ਼ਨ ਵੱਲੋਂ ਇਹਨਾਂ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਤੀਸਰੀ ਦੁਨੀਆਂ ਦੇ ਮੁਕਤੀ ਘੋਲਾਂ ਦੀ ਮੱਦਦ ਕਰਨ ਦਾ ਵੀ ਮਤਾ ਪਾਸ ਕੀਤਾ ਗਿਆ; ਖਾਸ ਕਰਕੇ ਦੱਖਣੀ ਅਫਰੀਕਾ ਦੇ ਘੋਲ ਨੂੰ ਹੋਰ ਤਵੱਜੋਂ ਦੇਣ ਦਾ ਫੈਸਲਾ ਲਿਆ ਗਿਆ। ਕਨਵੈਨਸ਼ਨ ਨੇ ਫਿਲਪੀਨ ਦੀ ਕਿਸਾਨੀ ਦੀ 'ਅੰਤਰਰਾਸ਼ਟਰੀ ਸੌਲਡੈਰਿਟੀ ਕਾਨਫ਼ਰੰਸ', ਜੋਕਿ ਇਸ ਸਾਲ ਅਕਤੂਬਰ ਵਿਚ ਮਨੀਲਾ ਹੋ ਰਹੀ ਹੈ ਨੂੰ ਮੱਦਦ ਦਾ ਅਤੇ ਭਰਾਤਰੀ ਸੁਨੇਹਾ ਭੇਜਿਆ।

ਇਕ ਹੋਰ ਮਤੇ ਵਿਚ ਇੰਗਲੈਂਡ ਦੀ ਅਗਾਂਹਵਧੂ ਜੱਥੇਬੰਦੀ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬਰਿਟੇਨ) ਦੇ ਪਰਚੇ "ਲਲਕਾਰ" ਨੂੰ ਖਾਲਿਸਤਾਨੀ ਅਨਸਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਕਾਨੂੰਨੀ ਧਮਕੀਆਂ ਅਤੇ ਡਰਾਵਿਆਂ ਦੀ ਨਿਖੇਧੀ ਕੀਤੀ ਅਤੇ IWA (GB) ਦੀ ਵੱਧ ਤੋਂ ਵੱਧ ਮੱਦਦ ਕਰਨ ਦਾ ਫੈਸਲਾ ਲਿਆ ਗਿਆ।

ਕਨਵੈਨਸ਼ਨ ਨੇ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਵੱਲੋਂ ਖੇਤ ਮਜ਼ਦੂਰਾਂ ਲਈ ਬਰਾਬਰਤਾ ਅਤੇ ਇਨਸਾਫ਼ ਲਈ ਚਲਾਏ ਜਾ ਰਹੇ ਘੋਲਾਂ ਦੀ ਵੱਧ ਤੋਂ ਵੱਧ ਮੱਦਦ ਕਰਨ ਦਾ ਮਤਾ ਪਾਸ ਕੀਤਾ।

ਕਨਵੈਨਸ਼ਨ ਵਲੋਂ ਪੰਜਾਬ ਦੇ ਉੱਤੇ ਇਨਕਲਾਬੀ ਰਤਨ ਸਿੰਘ ਪਟਵਾਰੀ ਦੇ ਖਾਲਿਸਤਾਨੀਆਂ ਹੱਥੋਂ ਹੋਏ ਕਤਲ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਕਨਵੈਨਸ਼ਨ ਨੇ ਪੁਲਿਸ ਦੀ ਸਖਤ ਨਿੰਦਿਆ ਕੀਤੀ ਜਿਸਨੇ ਸਾਥੀ ਪਟਵਾਰੀ ਦੇ ਕਾਤਲਾਂ ਨੂੰ ਫੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਅਤੇ ਜਦ ਲੋਕਾਂ ਨੇ ਕਾਤਲਾਂ ਤੋਂ ਸਹੀ ਬਦਲਾ ਲਿਆ ਤਾਂ ਇਕਦਮ ਹਰਕਤ ਵਿਚ ਆ ਗਈ ਅਤੇ ਲੋਕਾਂ ਉੱਪਰ ਤਸ਼ੱਦਦ ਸ਼ੁਰੂ ਕਰ ਦਿਤਾ। ਇਪਾਨਾ ਨੇ ਫ਼ਿਰਕੂ ਹਿੰਸਾ 'ਚ ਸਧਾਰਨ ਲੋਕਾਂ ਦੇ ਹੋਏ ਕਤਲਾਂ ਉੱਪਰ ਗਹਿਰਾ ਦੁੱਖ ਜ਼ਾਹਰ ਕੀਤਾ, ਅਤੇ ਭਾਰਤੀ ਸਰਕਾਰ ਦੀ ਪੰਜਾਬ ਦੇ ਮਸਲਿਆਂ ਨੂੰ ਹੱਲ ਨਾ ਕਰਨ ਦੀ ਨੀਤੀ ਅਤੇ ਭਾਰਤ ਵਿਚ ਫਿਰਕੂ ਹਿੰਸਾ ਨੂੰ ਰੋਕਣ ਲਈ ਕੁਝ ਨਾ ਕਰਨ ਦੀ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ।

ਇਹ ਫੈਸਲਾ ਕੀਤਾ ਗਿਆ ਕਿ ਇਪਾਨਾ ਦੇ ਪਰਚੇ INDIA NOW ਤੇ ਹੋਰ ਪਰਚਿਆਂ ਨੂੰ ਆਰਜ਼ੀ ਤੌਰ 'ਤੇ ਬੰਦ ਕੀਤਾ ਜਾਵੇ ਅਤੇ ਇਹਦੀ ਬਜਾਇ ਸਮੇਂ ਸਮੇਂ ਸਿਰ issue-related ਪੈਂਫਲੇਟ ਛਾਪੇ ਜਾਣ।

ਕਨਵੈਨਸ਼ਨ ਦੇ ਅਖੀਰ 'ਤੇ ਇਪਾਨਾ ਦੀ ਨਵੀਂ ਪੰਜ ਮੈਂਬਰੀ ਅਗਜ਼ੈਕਟਿਵ ਕਮੇਟੀ ਦੀ ਚੋਣ ਹੋਈ, ਜਿਸ ਵਿਚ ਚਿੰਨ ਬੈਨਰਜੀ-ਪ੍ਰਧਾਨ ਅਤੇ ਹਰੀ ਸ਼ਰਮਾ-ਸਕੱਤਰ ਚੁਣੇ ਗਏ। ਕਨਵੈਨਸ਼ਨ ਮਤਾ ਪਾਸ ਕਰਕੇ ਇਪਾਨਾ ਦੇ ਪਿਛਲੇ ਪ੍ਰਧਾਨ ਹਰਿੰਦਰ ਮਾਹਲ ਦੀ, ਉਹਨਾਂ ਵੱਲੋਂ ਭਾਰਤੀ ਲੋਕਾਂ ਦੇ ਘੋਲਾਂ ਦੀ ਮੱਦਦ ਅਤੇ ਇਪਾਨਾ ਦੀ ਲੰਬੇ ਸਮੇਂ ਲਈ ਕਾਮਯਾਬੀ ਨਾਲ ਅਗਵਾਈ ਕਰਨ ਦੀ ਸਰਾਹਣਾ ਕੀਤੀ। o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰ, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ: ਖਾਲਸਾ ਕਾਲਜ, ਅਮ੍ਰਿਤਸਰ-143002 :-ਵਾਰਸ਼ਿਕ ਚੰਦਾ 15 ਰੁ ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

## ਇਨਕਲਾਬੀ ਕੇਂਦਰ ਬਾਰੇ ਸਮਤਾ ਲਈ ਪ੍ਰੈਸ ਬਿਆਨ

ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਾਰਟੀ, ਪੰਜਾਬ ਅੰਦਰ ਕਿਸੇ ਵੀ ਜ਼ਮਹੂਰੀ ਮਸਲੇ ਉਪਰ ਘਟੋ ਘੱਟ ਸਹਿਮਤੀ ਵਾਲੇ ਮੁਦਿਆਂ ਉਪਰ ਕਿਸੇ ਵੀ ਤਰ੍ਹਾਂ ਦੇ ਸਾਂਝੇ ਮੁਹਾਜ਼ ਵਿਚ ਸ਼ਾਮਲ ਹੋਣ ਲਈ ਤਿਆਰ ਹੈ। ਆਈ. ਡੀ. ਪੀ. ਜੋ ਸਮਝਦੀ ਹੈ ਕਿ ਅੱਜ ਦਾ ਅੰਤਰ-ਰਾਜੀ ਸੰਸਾਰ ਸਮਾਜ ਵਿਚ ਇਕ ਅੰਤਰਰਾਸ਼ਟਰੀ ਸੰਸਾਰ ਪ੍ਰਬੰਧ ਵਿਚ ਬਦਲਨ ਤੋਂ ਬਿਨਾ ਵਿਕਸਤ ਨਹੀਂ ਹੋ ਸਕਦਾ, ਕੌਮੀ ਸੰਕਲਪਾਂ ਵਾਲੀਆਂ ਵਿਚਾਰਧਾਰਵਾਂ ਤੇ ਤੇ ਰਾਜਨੀਤਕ ਖਿਆਲਾਂ ਨੂੰ ਸਮਾਂ ਵਿਹਾ ਚੁਕੇ ਸਮਝਦਿਆ, ਆਪਣੇ ਵੱਲੋਂ ਵਿਕਸਤ ਨਵੀਂ ਅੰਤਰਰਾਸ਼ਟਰਵਾਦੀ ਜਮਹੂਰੀ ਲਾਈਨ ਉਪਰ ਚਲ ਰਹੀ ਹੈ। ਆਈ. ਡੀ. ਪੀ. ਸਮਝਦੀ ਹੈ ਕਿ ਅਲੱਗ ਅਲੱਗ ਪਾਰਟੀਆਂ ਤੇ ਗਰੁੱਪ ਆਪੋ ਆਪਣੀ ਹਸਤੀ ਨੂੰ ਕਾਇਮ ਰਖਦਿਆਂ, (ੳ) ਪੰਜਾਬ ਮਸਲੇ ਦੇ ਹੱਲ ਲਈ ਅ) ਪ੍ਰਮਾਣੂ ਯੁੱਧ ਦੇ ਖਤਰ ਵਿਰੁੱਧ (ੲ) ਵਧਦੀ ਹੋਈ ਗਰੀਬੀ ਤੇ ਅਸਮਾਨਤਾ ਵਿਰੁੱਧ (ਸ) ਵਧਦੀ ਹੋਈ ਜਨ ਸੰਖਿਆ ਲਈ ਰੋਟੀ ਰੋਜ਼ੀ ਦਾ ਬੰਦੋਬਸਤ ਕਰਨ ਲਈ (ਹ) ਪੋਲਾੜ ਅਤੇ ਸਮੁੰਦਰੀ ਸਾਧਨਾਂ ਦਾ ਪੂਰਾ ਇਸਤੇਮਾਲ ਕਰਨ ਲਈ, ਸਾਂਝੀਆਂ ਲਹਿਰਾਂ ਲਾਮ ਬੰਦ ਕਰ ਸਕਦੀਆਂ ਹਨ। ਇਸ ਮਸਲੇ ਤੇ ਸਮਤਾ ਪੇਪਰ ਵਲੋਂ ਕੀਤੇ ਉਪਰਾਲੇ ਨੂੰ ਆਈ.ਡੀ.ਪੀ. ਇਕ ਹਾਂ ਪਖੀ ਕਦਮ ਸਮਝਦੀ ਹੈ।

ਆਈ. ਡੀ. ਪੀ. ਸਮਝਦੀ ਹੈ ਕਿ ਅੱਜ ਸਾਰੇ ਲੋਕਾਂ ਨੂੰ ਹੇਠ ਲਿਖੇ ਮੁਦੇ ਤੇ ਕੇਂਦਰਤ ਹੋਕੇ ਲਾਮਬੰਦੀ ਕਰਨੀ ਚਾਹੀਦੀ ਹੈ।

1. ਸੰਸਾਰ ਦੇ ਸਮੁੱਚੇ ਮਸਲਿਆਂ ਦੇ ਹੱਲ ਲਈ ਇਕ ਸੰਸਾਰ ਪਾਰਲੀਮੈਂਟ ਦੀ ਉਸਾਰੀ ਕੀਤੀ ਜਾਵੇ ਜੋ ਇਕ ਸੰਸਾਰ ਗੌਰਮਿੰਟ ਦੀ ਸਥਾਪਨਾ ਕਰੇ।

2. ਹਰ ਛੋਟੀ ਜਾਂ ਵੱਡੀ ਰਾਜਨੀਤਕ ਆਰਥਕ ਤੇ ਸਭਿਆਚਾਰਕ ਸੰਸਥਾ ਦੀ ਲੋਕਾਂ ਵਲੋਂ ਸਿਧੀ ਚੋਣ ਹੋਵੇ।

3. ਸਾਰੇ ਅਦਾਰਿਆਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਚੋਣਕਾਰਾਂ ਵਲੋਂ ਵਾਪਸ ਬੁਲਾਇਆ ਜਾ ਸਕੇ!

4. ਯੋਗਤਾ ਮੁਤਾਬਕ ਰੁਜ਼ਗਾਰ ਦਾ ਸਵਿੰਧਾਨਕ ਅਧਿਕਾਰ ਮਿਲੇ।

5. ਹਰ ਵਿਅਕਤੀ ਨੂੰ ਮੁਫਤ ਸਿਖਿਆ ਸਿਹਤ ਤੇ ਰਹਾਇਸ਼ ਦਾ ਸਵਿੰਧਾਨਕ ਹੱਕ ਮਿਲੇ।

6. ਹਰ ਵਿਅਕਤੀ ਨੂੰ ਬੁਢਾਪੇ, ਬੀਮਾਰੀ ਜਾਂ ਅੰਗਹੀਨ ਹੋਣ ਦੀ ਸੂਰਤ ਵਿਚ ਗੁਜ਼ਾਰੇ ਯੋਗ ਪੈਨਸ਼ਨ ਮਿਲੇ।

7. ਕੰਮ ਹਫਤਾ ਸਿਰਫ 35 ਘੰਟੇ ਦਾ ਹੋਵੇ।

8. ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਰਾਜਨੀਤਿਕ ਸਰਗਰਮੀਆਂ ਵਿਚ ਭਾਗ ਲੈਣ ਦਾ ਸੰਵਿਧਾਨਕ ਅਧਿਕਾਰ ਹੋਵੇ।

9. ਪੰਜਾਬ, ਗੋਰਖਾਲੈਂਡ ਅਤੇ ਤਾਮਿਲ ਆਦਿ ਰਾਜਨੀਤਿਕ ਮਸਲਿਆਂ ਦਾ, ਸਬੰਧਤ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਕੇ ਰਾਜਨੀਤਿਕ ਹੱਲ ਕਢਿਆ ਜਾਵੇ।

ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਾਰਟੀ 9 ਨਵੰਬਰ ਨੂੰ ਸੱਦੇ ਸੰਮੇਲਨ 'ਚ ਭਾਗ ਲੈਂਦਿਆਂ ਪੰਜਾਬ ਅੰਦਰ ਜਮਹੂਰੀ ਸ਼ਕਤੀਆਂ ਦਾ ਸਾਂਝਾ ਮੁਹਾਜ਼ ਸਥਾਪਤ ਕਰਨ ਲਈ ਕੀਤੇ ਉਪਰਾਲੇ ਵਿਚ ਬਣਦਾ ਹਿਸਾ ਪਾਵੇਗੀ।

ਜਸਵੰਤ ਸਿੰਘ ਖਾਲੜਾ
ਸਕੱਤਰ ਅਮ੍ਰਿਤਸਰ ਸ਼ਾਖਾ ਆਈ. ਡੀ. ਪੀ.

---

## ਦੋ ਗੱਲਾਂ ਅਮਰਜੀਤ ਚੰਦਨ ਨਾਲ

ਅਮਰਜੀਤ ਚੰਦਨ ਨੇ 'ਸਮਤਾ' ਅਗਸਤ 86 ਵਿਚ ਮਾਓਵਾਦੀਆਂ ਵਿਰੁਧ ਚੰਗਾ ਜ਼ਹਿਰ ਉਗ ਲੱਛਿਆ ਹੈ: ਪਹਿਲੀ ਗੱਲ ਤਾਂ ਇਹ 'ਭਿੰਡਰਾਂਵਾਲੇ ਨੂੰ ਲਾਲ-ਸਲਾਮ' ਕਹਿਣ ਵਾਲੇ ਲੋਕ ਮਾਰਕਸਵਾਦੀ-ਲੈਨਿਨ ਵਾਦੀ ਜਾਂ ਮਾਓਵਾਦੀ ਨਹੀਂ ਹੋ ਸਕਦੇ। ਦੂਜਾ, ਚੰਦਨ ਲਿਖਦਾ ਹੈ ਕਿ ਦੋ ਮਹਾਂਸ਼ਕਤੀਆਂ ਦੇ ਭੇੜ ਵਾਲੀ ਦਲੀਲ ਮਾਓਵਾਦੀ ਹੈ ਅਤੇ, ਇਸ ਵਿਚ ਸੋਵੀਅਤ ਯੂਨੀਅਨ ਨੂੰ ਨੰ: 1 ਦੁਸ਼ਮਣ ਕਰਾਰ ਦਿਤਾ ਜਾਂਦਾ ਹੈ। ਉਸ ਦੀ ਇਸ ਦਲੀਲ ਪਿਛੇ ਕੋਈ ਫਰਕ ਨਹੀਂ। ਦੁਨੀਆਂ ਦੇ ਵੱਖ ਵੱਖ ਖਿਤਿਆਂ ਵਿਚ ਵੱਖ ਵੱਖ ਵਿਰੋਧਤਾਈਆਂ ਹਨ। ਕਿਤੇ ਮੁਖ ਵਿਰੋਧਤਾਈ ਅਮਰੀਕਾ ਨਾਲ ਹੈ ਤੇ ਕਿਤੇ ਰੂਸ ਨਾਲ। ਹਿੰਦਚੀਨ ਵਿਚ ਵਿਰੋਧਤਾਈ ਅਮਰੀਕਨ ਸਾਮਰਾਜ ਨਾਲ ਸੀ। ਉਥੇ ਮਾਓਵਾਦੀ ਚੀਨ ਨੇ ਲੋਕਾਂ ਦੇ ਹੱਕੀ ਘੋਲਾਂ ਦੀ ਡਟ ਕੇ ਹਮਾਇਤ ਕੀਤੀ। ਰੂਸ ਨੇ ਵੀ ਮਦਦ ਕੀਤੀ। ਮਾਓ ਨੇ ਕਦੇ ਭੀ ਆਪਣੇ ਜੀਂਦੇ ਜੀਂ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਹੱਕੀ ਮੁਕਤੀ ਘੋਲਾਂ ਦਾ ਵਿਰੋਧ ਨਹੀਂ ਸੀ ਕੀਤਾ ਸਗੋਂ ਇਨ੍ਹਾਂ ਘੋਲਾਂ ਦੀ ਸੀ. ਪੀ. ਸੀ. ਤੇ ਚੀਨ ਸਰਕਾਰ ਵਲੋਂ ਵਿਤ ਅਨੁਸਾਰ ਹਰ ਪ੍ਰਕਾਰ ਦੀ ਮਦਦ ਹੁੰਦੀ ਰਹੀ। ਅਫਰੀਕਾ ਵਿਚੋਂ ਪੁਰਤਗਾਲੀ ਬਸਤੀਆਂ (ਗਿਨੀ ਬਸਾਊ ਤੇ ਅੰਗੋਲਾ ਆਦਿ) ਲੋਕਾਂ ਦੇ ਹੜ੍ਹ ਅੱਗੇ ਢਹਿ ਢੇਰੀ ਹੋ ਗਈਆਂ। ਉਥੇ ਰੂਸ ਦੀਆਂ ਫੌਜਾਂ ਨਹੀਂ ਲੜੀਆਂ ' ਲੋਕ ਲੜੇ। ਕਿਸੇ ਭੀ ਫੌਜੀ ਧਿਰ

ਵਲੋਂ ਉਥੇ ਦਖ਼ਲ ਦੇਣਾ ਗਲਤ ਹੈ। ਨੈਮੀਬੀਆ, ਦਖਣੀ ਅਫ਼ਰੀਕਾ ਦੀ ਘਟ ਗਿਣਤੀ ਦੀ ਗੋਰੀ ਸਰਕਾਰ ਵਿਰੁਧ, ਰੋਡੇਸ਼ੀਆ (ਜ਼ਿੰਬਾਵੇ) ਵਿਚ ਮਾਓਵਾਦੀ ਡਟ ਕੇ ਲੋਕਾਂ ਦੇ ਹੱਕੀ ਘੋਲਾਂ ਦੀ ਪਿਠ ਤੇ ਰਹੇ ਹਨ ਅਤੇ ਅਗੋਂ ਭੀ ਉਹ ਹਨ। ਰੂਸ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਅਮਰੀਕੀ ਪੈਟਰਨ ਤੇ ਹੀ ਹਥਿਆਰ ਵੇਚਦਾ ਹੈ, ਉਥੇ ਦੇ ਪਦਾਰਥਕ ਵਸੀਲਿਆਂ ਦਾ ਸ਼ੋਸ਼ਨ ਕਰਦਾ ਹੈ, ਉਥੇ ਦੀਆਂ ਜਾਬਰ ਸਰਕਾਰ ਨਾਲ ਮਜ਼ਦੂਰ ਜਮਾਤ ਦੇ ਹਿਤਾਂ ਨੂੰ ਪਿਛੇ ਸੁਟ ਕੇ ਸਾਂਝ ਭਿਆਲੀ ਪਾਂਦਾ ਹੈ। ਫਿਲਪਾਈਨਜ਼ ਵਿਚ ਰੂਸ P.L.A ਦਾ ਵਿਰੋਧ ਕਰ ਰਿਹਾ ਹੈ, ਜਿਸ P.L A. ਨੇ ਅਮਰੀਕਨ ਸਾਮਰਾਜ ਤੇ ਉਸਦੇ ਪਾਲਤੂਆਂ ਵਿਰੁਧ ਲੋਹਾ ਲਿਆ ਹੋਇਆ ਹੈ। ਯਾਦ ਰਹੇ ਕਿ ਪਿਛਲੇ ਸਾਲ ਜਦੋਂ ਅਮਰੀਕਾ ਨੇ ਫ਼ਿਲਪਾਈਨਜ਼ ਵਿਚ ਸ੍ਰੀਮਤੀ ਐਕਿਉਨੋ ਨੂੰ ਮਾਨਤਾ ਦੇ ਦਿਤੀ ਤਾਂ ਰੂਸ ਨੇ ਸਾਮਰਾਜ ਦੇ ਚਾਟੜੇ ਮਾਰਕੋਜ਼ ਨੂੰ ਮਾਨਤਾ ਦੇ ਦਿਤੀ। ਮੌਕਾ ਪ੍ਰਸਤੀ ਦੀ ਕੋਈ ਹੱਦ ਹੈ? ਕੰਪੂਚੀਆ ਦੀ ਕਮਿਊਨਿਸਟ ਸਰਕਾਰ ਨੂੰ ਡੇਗ ਕੇ ਉਥੇ ਵੀਤਨਾਮੀ ਫੌਜਾਂ ਦਾ ਬਿਠਾਲ ਦੇਣਾ ਰੂਸੀ ਕਾਰ-ਵਾਈ ਹੈ। 1983 ਵਿਚ ਫਲਸਤੀਨੀਆਂ ਦੇ ਹੱਕੀ ਤੇ ਆਜ਼ਾਦ ਘੋਲ ਵਿਚ ਇਜ਼ਰਾਈਲੀਆਂ ਵਲੋਂ ਉਨ੍ਹਾਂ ਦੇ ਅੱਡਿਆਂ ਨੂੰ ਤਹਿਸ਼ ਨਹਿਸ਼ ਕਰਨ ਵੇਲੇ ਰੂਸ ਚੁਪ ਰਿਹਾ। ਐਮੇਰਜੈਂਸੀ ਵਿਚ ਹਿੰਦੁਸਤਾਨ ਨੂੰ ਇੰਦਰਾ ਗਾਂਧੀ ਦੀ ਸਰਕਾਰ ਵਲੋਂ ਵੱਡਾ ਜੇਲ੍ਹਖਾਨਾ ਬਣਾ ਕੇ, ਮਾਓਵਾਦੀ ਗੁਟਾਂ ਤੇ ਪਾਬੰਦੀਆਂ ਲਾ ਕੇ ਸਮੇਤ ਵਿਰੋਧੀ ਪਾਰਟੀਆਂ ਦੇ ਇਕੋ ਰੋਸੇ ਧਕਣਾ ਤੇ ਰੂਸ ਵਲੋਂ ਹਲਾਸ਼ੇਰੀ ਤੇ ਮਦਦ ਦੇਣਾ ਕਿੱਡਾ ਕੁ ਲੋਕ ਪੱਖੀ ਕਦਮ ਸੀ। ਅਫ਼ਗਾਨਸਤਾਨ ਵਿਚ ਬੜੀ ਸ਼ਿਦਤ ਨਾਲ ਉਸ ਨੂੰ ਸਾਮਰਾਜ ਵਿਰੋਧੀ ਲੋਕ ਲਹਿਰ ਪੈਦਾ ਕਰਕੇ ਇਨਕਲਾਬੀਆਂ ਦੀ ਮੱਦਦ ਕਰਨੀ ਚਾਹੀਦੀ ਸੀ। ਅਮਰੀਕਨ ਫ਼ੌਜੀ ਦਖ਼ਲ ਤੋਂ ਪਹਿਲਾਂ ਉਥੇ ਫੌਜੀ ਦਖ਼ਲ ਦਖਣੀ ਏਸ਼ੀਆ ਦੇ ਖਿਤੇ ਦੇ ਲੋਕਾਂ ਨੂੰ ਮਹਿੰਗਾ ਪਿਆ ਹੈ: ਅਮਰਜੀਤ ਕਹਿੰਦਾ ਹੈ ਕਿ 'ਇਨ੍ਹਾਂ ਨੂੰ ਪੁਛ ਕਿ ਪੰਜਾਬ ਵਿਚ ਜਾਗੀਰਦਾਰੀ ਕਿਥੇ ਹੈ?' ਸਾਥੀ ਜੀ ਮਾਓ ਵਿਚਾਰਧਾਰਾ ਮਾਰਕਸਵਾਦ-ਲੈਨਿਨਵਾਦ ਹੀ ਹੈ ਜੋ ਕਿਸੇ ਖਿਤੇ ਦੀਆਂ ਵਿਰੋਧਤਾਈਆਂ ਦੀ ਪੂਰੇ ਵਿਗਿਆਨਕ ਢੰਗ ਨਾਲ ਜਾਂਚ ਪੜਤਾਲ ਕਰਦਾ ਹੈ। ਜੇ ਪੰਜਾਬ ਵਿਚ ਜਾਗੀਰਦਾਰੀ ਨਹੀਂ ਤਾਂ ਪੰਜਾਬ ਦਾ ਪੂਰੀ ਤਰ੍ਹਾਂ ਸਨਅਤੀਕਰਨ ਭੀ ਤਾਂ ਨਹੀਂ ਹੋਇਆ। ਪੰਜਾਬ ਦੇ ਮਾਓਵਾਦੀ ਬਣਦੀਆਂ ਵਿਰੋਧਤਾਈਆਂ ਹਲ ਕਰਨ ਵਿਚ ਆਪਣੀ ਤਾਕਤ ਅਨੁਸਾਰ ਬਲ ਲਾ ਰਹੇ ਹਨ। ਅਫ਼ਗਾਨਸਤਾਨ ਦੀਆਂ ਘਟਨਾਵਾਂ ਦਾ ਪੰਜਾਬ ਤੇ ਅਸਰ ਪੈਣਾ (ਖਾਲਸਤਾਨੀਆਂ ਨੂੰ ਅਮਰੀਕੀ ਤੇ ਪਾਕੀ ਮਦਦ) ਕੋਈ ਵੱਡੀ ਗੱਲ ਨਹੀਂ। ਬਿਹਾਰ ਵਿਚ ਜਗੀਰ-ਦਾਰੀ ਤੇ ਉਨ੍ਹਾਂ ਦੀ ਰਖੇਲ ਸਰਕਾਰ ਵਿਰੁਧ ਲੋਕ ਹਥਿਆਰਬੰਦ ਘੋਲ ਲੜ ਰਹੇ ਹਨ। ਸੋ ਸਾਥੀ ਚੰਦਨ ਜੀ ਮਾਓਵਾਦੀ ਪਾਗਲ ਨਹੀਂ ਕਿ ਜਿਥੇ ਲੋਕ ਸਾਮਰਾਜ-ਵਾਦ ਵਿਰੁਧ ਜੂਝ ਰਹੇ ਹੋਣ, ਉਥੇ ਉਨ੍ਹਾਂ ਲੋਕਾਂ ਦੀ ਮਦਦ ਰੂਸ ਕਰ ਰਿਹਾ ਹੋਵੇ ਤਾਂ ਮਾਓਵਾਦੀ ਵਿਰੋਧ ਕਰ ਰਹੇ ਹੋਣ। ਨਿਕਾਰਾਗੂਆ, ਚਿਲੀ ਤੇ ਪੀਰੂ ਦੇ ਲੋਕਾਂ ਦੇ ਹੱਕੀ ਘੋਲਾਂ ਦੀ ਮਾਓਵਾਦੀ ਡੱਟ ਕੇ ਮਦਦ ਕਰਦੇ ਹਨ। ਲਗਦਾ ਹੈ ਕਿ ਸ਼ਾਇਦ ਮਾਓਵਾਦੀ ਲੇਬਲ ਤੋਂ ਹੀ ਡਰਦੇ ਤੁਸੀਂ ਕਰੋੜਾਂ ਲੁਟੇ ਤੇ ਪੁਟੇ ਜਾਂਦੇ ਭਾਰਤੀਆਂ ਨੂੰ ਛੱਡ ਲੰਡਨ ਚਲੇ ਗਏ ਹੋ।

—ਬਲਬੀਰ ਸਿੰਘ ਮੁਕੇਰੀਆਂ

## ਪਲਸ਼ ਮੰਚ ਦਾ 13-14 ਸਤੰਬਰ ਦਾ ਲੁਧਿਆਣਾ ਸਮਾਗਮ

ਇਸ ਸਮਾਗਮ ਦੀਆਂ ਵਿਸ਼ੇਸ਼ ਪ੍ਰਾਪਤੀਆਂ ਸਨ। ਪੰਜਾਬੀ ਭਵਨ ਦੇ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਏਨਾ ਵੱਡਾ ਇਕੱਠ ਇਸ ਭਵਨ ਵਿਚ ਕਦੀ ਨਹੀਂ ਹੋਇਆ। ਦਰਸ਼ਕਾਂ ਨੇ ਠੀਕ ਅੱਠ ਵਜੇ ਰਾਤ ਤੋਂ ਲੈ ਕੇ ਸਵੇਰੇ 6 ਵਜੇ ਤੱਕ ਨਾਟਕਾਂ, ਨੂੰ ਦੇਖਿਆ। ਬਹੁਤ ਚੰਗੇ ਨਾਟਕ ਖੇਡੇ ਗਏ ਜਿਨ੍ਹਾਂ ਦੀ ਦਰਸ਼ਕਾਂ ਵਲੋਂ ਬੜੀ ਪ੍ਰਸੰਸਾ ਹੋਈ। ਜਨਵਰੀ ਵਿਚ ਦੇਸ਼ ਭਗਤ ਹਾਲ ਜਲੰਧਰ ਵਿਚ ਹੋਏ ਸਮਾਗਮ ਦੇ ਮੁਕਾਬਲੇ ਇਹ ਗੁਣਾਤਮਕ ਤੌਰ ਤੇ ਬਹੁਤ ਅਗੇ ਦਾ ਸਮਾਗਮ ਸੀ। ਇਸ ਸਮਾਗਮ ਬਾਰੇ ਕੁਝ ਗੰਭੀਰ ਘਾਟਾਂ ਦਾ ਧਿਆਨ ਤਲਵਾੜਾ ਤੋਂ ਸੁਖਦਰਸ਼ਨ ਦੱਤ ਅਤੇ ਸਾਥੀਆਂ ਅਤੇ ਚਮਕੌਰ ਸਾਹਿਬ ਤੋਂ ਸਵਰਨ ਹੋਰਾਂ ਨੇ ਦਵਾਇਆ ਹੈ। ਉਹਨਾਂ ਘਾਟਾਂ ਵਿਚੋਂ ਇਕ ਵੱਡੀ ਘਾਟ ਮੇਰੇ ਕਲਾਕਾਰਾਂ ਵੱਲ ਵਤੀਰੇ ਬਾਰੇ ਦੱਸੀ ਹੈ। ਮੈਂ ਇਸ ਘਾਟ ਨੂੰ ਸਵੀਕਾਰ ਕਰਦਾ ਹਾਂ। ਮੈਨੂੰ ਪ੍ਰੋਗਰਾਮ ਦੇ ਦਰਮਿਆਨ ਕਲਾਕਾਰਾਂ ਦਾ ਹੌਂਸਲਾ ਨਹੀਂ ਢਾਹੁਣਾ ਚਾਹੀਦਾ ਸੀ। ਪਲਸ ਮੰਚ ਦੀਆਂ ਸਾਰੀਆਂ ਟੀਮਾਂ ਦੇ ਕਲਾਕਾਰ ਮੇਰੇ ਆਪਣੇ ਕਲਾਕਾਰ ਹਨ। ਉਹਨਾਂ ਉਪਰ ਮੇਰਾ ਬਜ਼ੁਰਗੀ ਵਾਲਾ ਹੱਥ ਹੈ। ਪ੍ਰੋਗਰਾਮ ਦੇ ਬਾਰੇ ਜਿਹੜੀਆਂ ਗ਼ਲਤੀਆਂ ਰਹਿ ਗਈਆਂ ਹਨ, ਉਹਦਾ ਵੱਡਾ ਕਾਰਨ ਹੈ ਕਿ ਪਲਸ ਮੰਚ ਦੇ ਸਕੱਤ੍ਰ ਸਬਜਿੰਦਰ ਕੇਦਾਰ ਨੂੰ ਅਚਾਨਕ ਇਕ ਕੰਮ ਤੇ ਗੁਰਦਾਸ-ਪੁਰ ਜਾਣਾ ਪਿਆ। ਅਸੀਂ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਜਿਹੜੀ ਆਪਸੀ ਮੀਟਿੰਗ ਕਰਨੀ ਸੀ, ਉਹ

(ਬਾਕੀ ਸਫ਼ਾ 26 'ਤੇ)

# ਕਮਿਊਨਿਸਟ ਏਕਤਾ ਕੇਂਦਰ ਬਾਰੇ ਇਕ ਚਿੱਠੀ ਪਿਆਰਾ ਸਿੰਘ ਸਹਿਰਾਈ ਜੀ ਦੀ

ਪਿਆਰਾ ਸਿੰਘ ਸਹਿਰਾਈ ਕਮਿਊਨਿਸਟ ਲਹਿਰ ਦੇ ਉਹ ਪ੍ਰਮੁੱਖ ਕਵੀ ਹਨ ਜਿਨ੍ਹਾਂ ਨੇ ਪੰਜਾਹ ਸਾਲਾਂ ਤੋਂ ਇਸ ਲਹਿਰ ਨਾਲ ਹਰ ਦੌਰ ਵਿਚ ਅਪਣੀ ਵਫਾਦਾਰੀ ਕਾਇਮ ਰੱਖੀ। ਲੋਕਾਂ ਦੇ ਹਰ ਹੱਕੀ ਘੋਲ ਨਾਲ ਉਹਨਾਂ ਨੇ ਅਪਣਾ ਕਲਮ ਦਾ ਰਿਸ਼ਤਾ ਜੋੜਿਆ। 'ਤਿਲੰਗਾਨਾ ਦੀ ਵਾਰ' ਜੋ ਸਹਿਰਾਈ ਜੀ ਨੇ 1948 ਵਿਚ ਲਿਖੀ, ਇਸ ਦੌਰ ਦੇ ਜੁਝਾਰੂ ਸਾਹਿਤ ਵਿਚ ਅਪਣੀ ਇਕ ਖਾਸ ਥਾਂ ਰਖਦੀ ਹੈ। ਤਿਲੰਗਾਨਾ ਦੇ ਇਸ ਸੰਘਰਸ਼ ਨੂੰ ਕਵੀ ਨੇ ਇਹਨਾਂ ਲਾਈਨਾਂ ਵਿਚ ਬਿਆਨ ਕੀਤਾ ਸੀ :-

o

ਅੱਜ ਜੋਬਨ ਵਿਚ ਲੋਕ-ਆਤਮਾ, ਅਜ ਜੁਆਨੀ ਚੜ੍ਹੀ ਉਮੰਗ।
ਤੇ ਉੱਠ ਰਹੀ ਜੀਵਨ-ਨਦੀ ਵਿਚ ਕੋਈ ਸੁਫਨਿਆਂ-ਭਰੀ ਤਰੰਗ।
ਅੱਜ ਖੁਲ੍ਹ ਗਏ ਬੂਹੇ ਬੰਦ ਬੰਦ, ਨਹੀਂ ਜ਼ਿੰਦਗੀ ਦੇ ਰਾਹ ਤੰਗ।
ਰਗ-ਰਗ ਨਸ਼ਿਆਈ ਧਰਤ ਦੀ, ਇਹਦੇ ਗਏ ਖ਼ੁਮਾਰੇ ਅੰਗ।
ਅੱਜ ਰੁੱਤ ਜਸ਼ਨਾਂ ਦੀ ਆ ਗਈ, ਅੱਜ ਲੋਕ ਮਨਾਵਨ ਰੰਗ।
ਭਰਪੂਰ ਜ਼ਿੰਦਗੀ ਜਿਊਣ ਦੇ ਰਹੇ ਸਿਰਜ ਨਵੇਂ ਹੀ ਢੰਗ।
ਇਕ ਹਥ ਪਿਆਲਾ ਖੁਸ਼ੀ ਦਾ, ਪੀਂਦੇ ਲਾ ਡੀਕ ਨਿਸ਼ੰਗ।
ਦੂਜਾ ਹੱਥ ਟਿਕਿਆ ਤਲਵਾਰ ਤੇ, ਅਜੇ ਸ਼ੁਰੂ ਇਨ੍ਹਾਂ ਦੀ ਜੰਗ।

o

ਪੈਪਸੂ ਮੁਜ਼ਾਰਾ-ਘੋਲ ਦੀ ਇਕ ਘਟਨਾ ਉਤੇ ਆਧਾਰਤ ਉਹਨਾਂ ਨੇ 'ਬਚਨ ਸਿੰਘ ਦੀ ਵਾਰ' ਲਿਖੀ। ਨਕਸਲਬਾੜੀ ਤਹਿਰੀਕ ਨਾਲ ਭਾਵੇਂ ਉਹਨਾਂ ਦੀ ਰਾਜਸੀ ਸਹਿਮਤੀ ਨਹੀਂ ਸੀ ਪਰ ਉਸ ਲਹਿਰ ਦੇ ਇਕ ਨਾਇਕ ਤਰਸੇਮ ਬਾਵਾ ਦੀ, ਯਾਦ ਵਿਚ ਉਹਨਾਂ ਨੇ 'ਵਾਰ ਬਾਵੇ ਤਰਸੇਮ ਦੀ ਲਿਖਕੇ ਉਹਦੀ ਇਨਕਲਾਬੀ ਸੂਰਮਾਗਤੀ ਨੂੰ ਅਪਣੀ ਸ਼ਰਧਾਂਜਲੀ ਦਿਤੀ, 1975-76 ਦੀ ਐਮਰਜੰਸੀ, ਵੇਲੇ ਸਹਿਰਾਈ ਜੀ ਨੇ ਪ੍ਰਸਿਧ ਕਵਿਤਾ 'ਐਮਰਜੰਸੀ' ਲਿਖ ਕੇ ਉਸ ਕਾਲੇ ਦੌਰ ਨੂੰ ਚਣੌਤੀ ਦਿਤੀ। ਪੰਜਾਬ ਦੇ ਮੌਜੂਦਾ ਸੰਕਟ ਵੇਲੇ ਵੀ ਸਹਿਰਾਈ ਜੀ ਦੀ ਆਵਾਜ਼ ਹੱਕ ਅਤੇ ਸੱਚ ਲਈ ਉੱਚੀ ਰਹੀ। ਉਹਨਾਂ ਨੇ ਅਨੇਕਾਂ ਅਪਣੀਆਂ ਕਵਿਤਾਵਾਂ ਵਿਚ ਇਕ ਪਾਸੇ ਧਾਰਮਕ ਮੂਲਵਾਦ ਅਤੇ ਭਰਾ ਮਾਰ ਵਿਰਕੂ ਨਫਰਤ ਤੇ ਦੂਜੇ ਪਾਸੇ ਕੇਂਦਰੀ ਸਰਕਾਰ ਦੇ ਹੱਥ ਕੰਡਿਆਂ ਦੀ ਵਿਰੋਧਤਾ ਕੀਤੀ। 1942 ਤੋਂ 1965 ਤਕ ਸਹਿਰਾਈ ਜੀ ਹਿੰਦ ਕਮਿਊਨਿਸਟ ਪਾਰਟੀ ਦੇ ਸਰਗਰਮ ਮੈਂਬਰ ਰਹੇ ਹਨ। ਕਮਿਊਨਿਸਟ ਏਕਤਾ ਦੇ ਯਤਨਾਂ ਬਾਰੇ ਉਹਨਾਂ ਦੇ ਪ੍ਰਤੀਕਰਮ ਅਤੇ ਸੁਝਾਅ ਅਸੀਂ ਪਾਠਕਾਂ ਅਗੇ ਪੇਸ਼ ਕਰ ਰਹੇ ਹਾਂ। / ਸੰਪਾਦਕ

o

ਜੇ ਯਕ-ਜਹਿਤੀ ਹਥਿਆਰ ਸਾਡਾ, ਅਸੀਂ ਨਵੇਂ ਹੀ ਪੂਰਨੇ ਪਾ ਚਲੇ।
ਹਿੱਕਾਂ ਵਿਚ ਧੜਕਦੇ ਖਾਬ ਕੋਈ, ਅੱਖਾਂ ਵਿਚ ਤਾਂ ਕੋਈ ਮਸ਼ਾਲ ਬਲੇ।
ਕਦਮ ਕਦਮ ਕਰਕੇ ਮੰਜ਼ਲ ਵਲ ਵਧੀਏ, ਇਕਮਿਕ ਹੋ ਲਾਲ ਨਿਸ਼ਾਨ ਥੱਲੇ।
ਅਸੀਂ ਜਾਣੀਏਂ ਕੂੜ ਨਿਖੁਟ ਜਾਣਾ, ਇਕੋ ਸੱਚ ਹੈ ਬੰਨ੍ਹਿਆ ਅਸੀਂ ਪੱਲੇ।

(ਸਹਿਰਾਈ ਦੀ 'ਸੀ-ਹਰਫੀ ਰਣ-ਤੱਤੇ ਦੀ' ਵਿਚੋਂ)

o

ਪਿਆਰੇ ਗੁਰਸ਼ਰਨ ਸਿੰਘ,

**ਸਮਤਾ** ਬਾਕਾਇਦਾ ਮਿਲ ਰਹੀ ਹੈ ਕਈ ਸਾਲਾਂ ਤੋਂ, ਸਮਾਜਕ-ਆਰਥਕ-ਰਾਜਸੀ ਹਾਲਾਤ ਨੂੰ ਸਮਝਣ ਵਿਚ ਮੇਰੀ ਸਹਾਈ ਹੁੰਦੀ ਰਹੀ ਹੈ।

ਪੰਜਾਬ ਦੇ ਹਾਲਾਤ ਦਾ ਜੋ ਵਿਸ਼ਲੇਸ਼ਣ ਤੁਸਾਂ ਕੀਤਾ ਹੈ ਤੇ ਇਸ ਸੰਕਟ ਵਿਚੋਂ ਨਿਕਲਣ ਲਈ ਜੋ ਸੁਝਾਊ ਤੁਸਾਂ ਦਿਤੇ ਹਨ ਉਹ ਅਰੋਗ ਤੇ ਨਿਗਰ ਹਨ; ਜੇ ਸੰਬੰਧਤ ਧਿਰਾਂ ਇਹਨਾਂ ਵਲ ਗਹੁ ਕਰਨ ਤਾਂ ਇਹ ਮਸਲਾ ਨਜਿਠਣ ਦੇ ਰਾਹ ਉਤੇ ਕਈ ਹਾਂਦਰੂ ਕਦਮ ਪੁਟੇ ਜਾ ਸਕਦੇ ਹਨ, ਅਤੇ ਫੇਰ ਇਸ ਸੂਰਤ ਵਿਚ ਆਮ ਲੋਕ ਵੀ ਸਰਗਰਮ ਹੋ ਕੇ ਆਪਣਾ ਹਿੱਸਾ ਪਾ ਸਕਣਗੇ। ਪਰ ਸਬੰਧਤ ਧਿਰਾਂ ਆਪਣੇ ਮੌੜੇਪਨ ਨੂੰ ਛਡ ਕੇ, ਨਿੱਜੀ ਤੇ

ਧੜਿਆਂ ਦੇ ਅਤੇ ਪਾਰਟੀਆਂ ਦੇ ਹਿਤਾਂ ਨੂੰ ਛਿਕੇ ਟੰਗ ਕੇ ਦੇਸ, ਪੰਜਾਬ ਅਤੇ ਆਮ ਲੋਕਾਂ ਦੇ ਹਿਤਾਂ ਤੋਂ ਸੋਚਣ ਤਦ ਹੀ ਉਹ ਇਹਨਾਂ ਸੁਝਾਆਂ ਵਲ ਗੰਭੀਰਤਾ ਨਾਲ ਗਹੁ ਕਰ ਸਕਦੀਆਂ ਹਨ।

ਪੰਜਾਬ ਦਾ ਮਸਲਾ ਮੂਲ ਰੂਪ ਵਿਚ ਰਾਜਸੀ ਮਸਲਾ ਹੈ ਜਿਹੜਾ ਸਭਨਾਂ ਸੰਬੰਧਤ ਧਿਰਾਂ ਦੇ ਸਾਂਝੇ ਤੇ ਹਾਂ-ਪਖੀ ਜਤਨਾਂ ਦੀ ਮੰਗ ਕਰਦਾ ਹੈ।

ਤੁਸਾਂ ਇਸ ਘੁੱਪ ਹਨੇਰੇ ਵਿਚ ਰੋਸ਼ਨ ਮਿਸ਼ਾਲਬਾਲ ਰਖੀ ਹੋਈ ਹੈ ਅਤੇ ਆਪਣੀ ਤਾਕਤ ਤੇ ਸਮਰਥਾ ਅਨੁਸਾਰ ਵੱਧ ਤੋਂ ਵੱਧ ਜਤਨ ਕਰ ਰਹੇ ਲੋਕਾਂ ਵਿਚ ਜਾਗਤ੍ਰੀ ਲਿਆਉਣ ਦੇ, ਉਹਨਾਂ ਨੂੰ ਸੇਧ, ਸਹੀ ਸੇਧ ਹੋਣ ਦੇ, ਸਭਿਆਚਾਰਕ ਮੰਚ ਰਾਹੀਂ ਜੋ ਵੱਧ ਤੋਂ ਵੱਧ ਕੀਤਾ ਜਾ ਸਕਦਾ ਹੈ, ਤਸੀਂ ਤੇ ਤੁਹਾਡੇ ਸਿਦਕੀ ਸਾਥੀ ਕਰ ਰਹੇ ਹਨ, ਤੇ ਇਹ ਜਤਨ ਸਾਨੂੰ, ਪੰਜਾਬੋਂ ਦੂਰ, ਲਾਂਭੇ, ਬੈਠਿਆਂ ਨੂੰ ਵੀ ਪ੍ਰੇਰਨਾ ਦਿੰਦੇ ਹਨ। ਟ੍ਰੇਡ ਯੂਨੀਅਨਾਂ, ਮੁਲਾਜ਼ਮ ਤਾਲ-ਮੇਲ ਕਮੇਟੀ ਆਦਿ ਦੇ ਜਤਨ ਵੀ ਕਾਲੇ ਬੱਦਲਾਂ ਦੀ ਚਿਟੀ ਕੰਨੀ ਹਨ। ਦੋਹਾਂ ਕਮਿਊਨਿਸਟ ਪਾਰ-ਟੀਆਂ ਦੇ ਸੁਹਿਰਦ ਮੈਂਬਰ ਵੀ ਆਪਣਾ ਹਾਂਦਰੂ ਰੋਲ ਅਦਾ ਕਰ ਰਹੇ ਹਨ। ਇਸ ਸਿਲਸਿਲੇ ਵਿਚ ਇਕ ਦਰਜ਼ਨ ਕਮਿਊਨਿਸਟ ਸ਼ਹੀਦ ਵੀ ਹੋ ਚੁਕੇ ਹਨ। ਇਹਨਾਂ ਕਤਲਾਂ ਵਿਚ ਤੁਸੀਂ ਆਪਣੀ ਆਵਾਜ਼ ਬੁਲੰਦ ਕਰਦੇ ਹੋ, ਇਹ ਬਹੁਤ ਹੀ ਤਸੱਲੀ ਦੇਣ ਵਾਲਾ ਕੰਮ ਹੈ। ਅਸ-ਹਿਮਤੀ ਦੇ ਬਾਵਜੂਦ ਸਥਾਪਤ ਪਾਰਟੀਆਂ ਦੇ ਕੇਡਰ ਵੱਲ ਤੁਹਾਡਾ ਰਵਈਆ ਹਾਂ-ਪਖੀ ਹੈ, ਅਤੇ ਪੰਡਤ ਕਿਸ਼ੋਰੀ ਲਾਲ ਤੇ ਮਦਨ ਲਾਲ ਦੀਦੀ ਵਰਗੇ ਸਾਥੀਆਂ ਵਿਰੁਧ ਭੰਡੀ ਪਰਚਾਰ ਨੂੰ ਨਿੰਦਣਾ ਖਰ੍ਹੇ ਇਨਕਲਾਬੀ ਦੀ ਸੁਹਿਰਦਤਾ, ਅਤੇ ਜਨਤਕ ਲਹਿਰਾਂ ਵੱਲ ਵਿਸ਼ਾਲ ਤੇ ਹਾਂਦਰੂ ਦ੍ਰਿਸ਼ਟੀਕੋਣ ਦਾ ਪ੍ਰਤੀਕ ਹੈ। ਕਾਜ਼ ਵੱਲ ਵਫਾਦਾਰੀ ਹੀ ਮੁਖ ਚੀਜ਼ ਹੈ। ਧਰਮ ਨਾਲੋਂ ਧੜਾ ਪਿਆਰਾ ਤਾਂ ਜਾਗੀਰੂ ਸੋਚ ਹੀ ਆਖੀ ਜਾ ਸਕਦੀ ਹੈ।

ਦੂਜੇ, ਤੁਸੀਂ ਇਨਕਲਾਬੀ ਕੇਂਦਰ ਉਸਾਰਨ ਬਾਰੇ ਜੋ ਜਤਨ ਅਰੰਭੇ ਹੋਏ ਹਨ, ਇਹਨਾਂ ਨੂੰ ਨਰੋਏ ਤੇ ਹਾਂ-ਪਖੀ ਆਖਿਆ ਜਾ ਸਕਦਾ ਹੈ ਕਿਉਂਕੇ ਇਸ ਤਰ੍ਹਾਂ ਤੁਸੀਂ ਬਹੁਤ ਸਾਰੇ ਖਬੀ ਸੋਚ ਵਾਲੇ ਲੋਕਾਂ ਨੂੰ ਇਕੱਠੇ ਕਰ ਰਹੇ ਹੋ। ਮੈਂ ਤਾਂ ਸਮਝਦਾ ਹਾਂ, ਕਿ ਤੁਹਾਡੇ ਇਹ ਜਤਨ ਸਫਲ ਹੋ ਗਏ ਤਾਂ ਅਗੋਂ ਚੱਲ ਕੇ ਪੰਜਾਬ ਵਿਚ ਜਿਹੜਾ ਵਿਸ਼ਾਲ ਖਬਾ-ਜਮਹੂਰੀ ਮੋਰਚਾ ਬਣਨਾ ਹੈ, ਇਹ ਉਸਦੀ ਰਚਨਾ ਜਾਂਦੇ ਰਾਹ ਉਤੇ ਇਕ ਅਹਿਮ ਕਦਮ ਸਿਧ ਹੋਵੇਗਾ। ਮੈਂ ਤੁਹਾਡੀ ਇਸ ਸੋਚ ਨੂੰ ਵੀ ਇਸੇ ਸਿਲਸਿਲੇ ਦੀ ਕੜੀ ਸਮਝਦਾ ਹਾਂ ਕਿ ਪਹਿਲੋਂ ਸਾਥੀਆਂ ਵਲੋਂ ਮਿਹਨਤ ਤੇ ਸਿਰੜ ਨਾਲ ਕਾਇਮ ਕੀਤੀਆਂ ਗਈਆਂ ਜਨਤਕ ਜਥੇ-ਬੰਦੀਆਂ ਵਿਚ ਹੀ ਕੰਮ ਕਰਨ ਦੀ ਲੋੜ ਹੈ।

ਇਕ ਸੇਧ ਤੁਹਾਡੀ ਬਹੁਤ ਸਹੀ ਹੈ ਕਿ ਪਿਛਾਖੜ ਵਿਰੁਧ ਸੰਗਰਾਮ ਸਾਂਝੇ ਰੂਪ ਵਿਚ ਹੀ ਲੜੇ ਜਾਣ ਦੀ ਲੋੜ ਹੈ। ਪਿਛਾਖੜ ਜਦੋਂ ਕਮਿਊਨਿਸਟਾਂ ਉਤੇ ਜਾਂ ਅਗੇਵਧੂ ਘੁਲਾਟੀਆਂ ਉਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਨਾ-ਗੋਲਦਿਆਂ ਕਿ ਸੰਬੰਧਤ ਸਾਥੀ ਕਿਹੜੀ ਖਬੀ ਪਾਰਟੀ ਦਾ ਮੈਂਬਰ ਹੈ, ਆਕ੍ਰਮਣਕਾਰੀਆਂ ਦਾ ਵਿਰੋਧ ਹੋਣਾ ਲਾਜ਼ਮੀ ਹੈ। ਪਿਆਰੇ ਸਾਥੀ; ਪਿਛਾਖੜ ਵਿਰੁਧ, ਆਪਹੁਦਰੇ, ਭ੍ਰਸ਼ਟ ਰਾਜਵਿਰੁਧ, ਸਰਕਾਰ ਦੇ ਲੋਕ-ਵਿਰੋਧ ਕਦਮਾਂ ਵਿਰੁਧ ਇਸ ਸੂਰਤ ਵਿਚ ਸਫਲ ਤਰ੍ਹਾਂ ਜੂਝਿਆ ਜਾ ਸਕਦਾ ਹੈ ਕਿ ਸਭ ਖੱਬਾ ਪਖੀ, ਅਗੇਵਧੂ ਤੇ ਜਮਹੂਰੀ ਤਾਕਤਾਂ ਆਮ ਜਮਾਤਾਂ ਨੂੰ ਮਿਲ ਕੇ ਲਾਮਬੰਦ ਕਰਨ ਤੇ ਸ਼ਕਤੀਸ਼ਾਲੀ ਅਵਾਮੀ ਲਹਿਰ ਚਲਾਉਣ। ਇਹ ਕਹਿਣਾ ਆਸਾਨ ਹੈ, ਪਰ ਕਾਰਜ ਬਹੁਤ ਕਠਨ ਹੈ, ਪਰ ਇਸ ਸਿਲਸਿਲੇ ਵਿਚ ਤੁਹਾਨੂੰ ਸੇਧ ਤੋਂ ਆਸ ਵੀ ਬਝਦੀ ਹੈ ਕਿ ਨੇੜੇ ਦੇ ਭਵਿਖ ਵਿਚ ਇਕ ਹਦ ਤਕ ਇਹ ਪ੍ਰਾਪਤੀ ਕਰਕੇ ਸਮੁਚੀ ਜਨਤਕ ਲਹਿਰ ਦਾ ਮੁਹਾਂਦਰਾ ਉਲੀਕਿਆ ਜਾ ਸਕੇਗਾ।

ਪਰ, ਇਹ ਗੱਲ ਮੈਨੂੰ ਮੂਲੋਂ ਹੀ ਗਲਤ ਜਾਪਦੀ ਰਹੀ ਹੈ ਤੇ ਉਹ ਹੈ ਸੋਵੀਅਤ ਯੂਨੀਅਨ ਵੱਲ ਸਮਤਾ ਦਾ ਵਤੀਰਾ। ਸੋਵੀਅਤ ਯੂਨੀਅਨ ਨੂੰ ਸੋਸ਼ਲ ਸਾਮਰਾਜ ਦਸਕੇ ਅਮਰੀਕੀ ਸਾਮਰਾਜ ਦੇ ਬਰਾਬਰ ਰਖਣ ਦਾ ਜਤਨ ਕੀਤਾ ਜਾਂਦਾ ਹੈ। ਪਿਆਰੇ ਸਾਥੀ, ਸੋਵੀਅਤ ਸਰਕਾਰ ਦੀਆਂ ਨੀਤੀਆਂ ਵਿਚ ਕੋਈ ਗ਼ਲਤੀ ਹੋ ਸਕਦੀ ਹੈ, ਅਮਲ ਦੇ ਢੰਗ ਵਿਚ ਤਰੁਟੀ ਹੋ ਸਕਦੀ ਹੈ—ਸ਼ਾਸਨੀ ਪ੍ਰਬੰਧ ਵਿਚ ਨੁਕਸ ਹੋ ਸਕਦੇ ਹਨ ਤੇ ਹਨ ਵੀ, ਤੇ ਉਹ ਉਹਨਾਂ ਨੂੰ ਖ਼ੁਦ ਮੰਨ ਵੀ ਰਹੇ ਹਨ ਤੇ ਸੋਧਣ ਦੀ ਕੋਸ਼ਸ਼ ਵੀ ਕਰ ਰਹੇ ਹਨ। ਪਰ ਸਾਨੂੰ ਇਹ ਮੰਨ ਕੇ ਹੀ ਚੱਲਣਾ ਚਾਹੀਦਾ ਹੈ ਕਿ ਸੋਵੀਅਤ ਯੂਨੀਅਨ ਇਕ ਸੋਸ਼ਲਿਸਟ ਸਟੇਟ ਹੈ, ਉਥੇ ਸੋਸ਼ਲਿਸਟ ਪ੍ਰਣਾਲੀ ਕਾਇਮ ਹੈ, ਅਤੇ ਸੋਵੀਅਤ ਯੂਨੀਅਨ ਸੰਸਾਰ ਸਾਮਰਾਜ ਬਸਤੀਵਾਦ ਨਵਬਸਤੀਵਾਦ ਵਿਰੁਧ ਜੂਝ ਰਿਹਾ ਹੈ। ਜ਼ਰਾ ਸੋਚੋ ਖਾਂ, ਜੇ ਸੋਵੀਅਤ ਯੂਨੀਅਨ ਨਾ ਹੁੰਦਾ ਤਾਂ ਕੀ ਹੁੰਦਾ? ਜੇ ਸੋਵੀਅਤ ਯੂਨੀ-ਅਨ ਦੀਆਂ ਨੀਤੀਆਂ ਦੀ ਸੇਧ ਸਾਮਰਾਜ-ਵਿਰੋਧੀ ਤੇ ਆਜ਼ਾਦੀ ਤੇ ਸੁਆਧੀਨਤਾ ਪੱਖੀ ਨਾ ਹੁੰਦੀ, ਤਾਂ ਕੀ ਕਿਊਬਾ ਦਾ ਸੋਸ਼ਲਿਸਟ ਰਾਜ ਕਾਇਮ ਰਹਿ ਸਕਦਾ ਸੀ? ਕੀ ਵੀਅਤਨਾਮ ਵਿਚ ਅਮਰੀਕੀ ਸਾਮਰਾਜ ਤੇ ਉਹਦੇ ਕੱਠਪੁਤਲਿਆਂ ਦਾ ਲਕ ਤੋੜਿਆ ਜਾ ਸਕਦਾ ਸੀ? ਇਹ ਗੱਲ ਸੋਵੀਅਤ ਯੂਨੀਅਨ ਦੇ ਸਬੰਧ ਵਿਚ ਹੀ ਨਹੀਂ, ਚੀਨ ਤੇ ਦੂਜੇ ਸੋਸ਼ਲਿਸਟ ਦੇਸ਼ਾਂ ਦੇ ਸੰਬੰਧ ਵਿਚ ਵੀ ਆਖੀ ਜਾ ਸਕਦੀ ਹੈ। ਉਹਨਾਂ ਦੀਆਂ ਗ਼ਲ-

ਤੀਆਂ (ਚੀਨ ਤੇ ਵੀਅਤਨਾਮ ਦੀ ਟੱਕਰ) ਨੂੰ ਇਕ ਪਾਸੇ ਦੀ ਰਖਦਿਆਂ ਇਹਨਾਂ ਨੂੰ ਸੋਸ਼ਲਿਸਟ ਦੇਸ ਮੰਨ ਕੇ ਅਗੇ ਤੁਰਨਾ ਹੋਵੇਗਾ ਤੇ ਸੰਸਾਰ ਸਾਮਰਾਜ ਵਿਰੁਧ ਇਹਨਾਂ ਦਾ ਪੱਖ ਪੂਰਨਾ ਤੇ ਇਨਾਂ ਦੇ ਨਾਲ ਜਾ ਕੇ ਖਲੋਣਾ ਹੋਵੇਗਾ। ਹਾਂ, ਇਹ ਸੋਵੀਅਤ ਯੂਨੀਅਨ ਦੀ, ਦੇਸ ਦੀ ਉਸਾਰੂ ਨੁਕਤਾਚੀਨੀ ਕੀਤੀ ਜਾ ਸਕਦੀ ਹੈ, ਸੁਝਾਅ ਦਿਤੇ ਜਾ ਸਕਦੇ ਹਨ।

ਸਨੇਹ ਸਾਹਿਤ/ਪਿਆਰਾ ਸਿੰਘ ਸਹਿਰਾਈ

---

ਕਵਿਤਾ / ਕਾਲਾ ਸੂਰਜ

**ਪਿਆਰਾ ਸਿੰਘ ਸਹਿਰਾਈ**

o

ਰਾਤ ਦੀ ਕੁੱਖੋਂ ਜੰਮ
ਚੜ੍ਹ ਆਇਆ ਕਾਲਾ ਸੂਰਜ।
ਵਿਸੀਅਰਾਂ, ਸੱਪਾਂ ਤੇ ਨਾਗਾਂ ਵਾਂਗ
ਇਹਦੀਆਂ ਕਿਰਨਾਂ
ਸਾਨੂੰ ਲਿਪਟ ਰਹੀਆਂ,
ਡੰਗ ਰਹੀਆਂ !

ਡੰਗ ਰਹੀਆਂ ਧਰਤੀ ਨੂੰ,
ਇਹਦੇ ਅੰਗ ਅੰਗ ਨੂੰ,
ਫੁੱਲਾਂ ਨੂੰ, ਕਰੂੰਬਲਾਂ ਨੂੰ
ਹਰੇ ਹਰੇ ਬੂਟਿਆਂ ਨੂੰ,
ਜ਼ਿੰਦਗੀ ਵਿਚ ਜੋ ਕੁਝ ਵੀ ਸੁਹਣਾ ਹੈ
ਉਹਨੂੰ !

ਅਣਮਨੁੱਖਤਾ ਦੇ ਪੁਜਾਰੀ—
ਤੇ ਉਹਨਾਂ ਦੇ ਸਪੇਰੇ
ਬੀਨਾਂ ਵਜਾ ਰਹੇ,
ਤੇ ਮਿਹਲਦੇ ਸੱਪਾਂ ਨੂੰ
ਪਟਾਰੀਆਂ ਵਿਚ ਬੰਦ ਕਰ ਰਹੇ,
ਤੇ ਧਰਤੀ ਦੇ ਉਹਨਾਂ ਕੋਨਿਆਂ ਵਿਚ
ਲਿਜਾ ਲਿਜਾ ਛੱਡ ਰਹੇ
ਜਿਥੇ ਅਜੇ ਚਾਨਣ ਏਂ,
ਸਾਡੇ ਰੌਸ਼ਨ ਮਘਦੇ ਸਰਜ ਦਾ ਚਾਨਣ
ਕਾਲੀ ਸ਼ਕਤੀ ਦੇ ਪੁਜਾਰੀ
ਇਹਦੀ ਬਲੀ—ਵੇਦੀ ਤੇ ਚੜ੍ਹਾਉਂਦੇ
ਜੀਊਂਦੇ ਮਨੱਖਾਂ ਨੂੰ !

ਸੱਪਾਂ ਨੂੰ ਭੇਜਦੇ ਕੱਢ ਕੱਢ
ਪਟਾਰੀਆਂ ਵਿਚੋਂ—
ਜਾਓ ਡੰਗੋ, ਡੰਗੋ, ਡੰਗੋ,
ਕਾਲੀ ਸ਼ਕਤੀ ਨੂੰ ਲੜ ਹੈ ਬਲੀ ਦੀ !

ਪਰ
ਧਰਤੀ ਵਿਚ ਸਮੋਈਆਂ
ਰੱਤੇ ਸੂਰਜ ਦੀਆਂ ਕਿਰਨਾਂ
ਉਭਰ ਰਹੀਆਂ,
ਜੂਝ ਰਹੀਆਂ ਕਾਲੀਆਂ ਕਿਰਨਾਂ ਨਾਲ !

ਸਾਡੇ ਪਿੰਡਿਆਂ ਦਾ ਲਾਲ ਲਹੂ
ਜੂਝ ਰਿਹਾ ਕਾਲੇ ਜ਼ਹਿਰ ਨਾਲ !

ਹਲਚਲ ਏ ਅਸਮਾਨਾਂ ਵਿਚ,
ਲਾਲੀ ਭਾਅ ਮਾਰਦੀ
ਇਹਦੀਆਂ ਕਾਲਖਾਂ ਵਿਚ !
ਪਸਰ ਰਹੀਆਂ ਸੁਰਖ਼ ਰਿਸ਼ਮਾਂ
ਭਰਾਵਲੀ ਦੀਆਂ।
ਜੂਝ ਰਿਹਾ ਰੱਤਾ ਸੂਰਜ ਮਨੁੱਖਤਾ ਦਾ
ਕਾਲੇ ਸੂਰਜ ਨਾਲ !

o

---

ਪੁਸਤਕ ਪਹਿਚਾਣ / ਚੱਮਚਿਆਂ ਦਾ ਯੁੱਗ / **ਕਾਂਸ਼ੀ ਰਾਮ** ਬਾਨੀ ਡੀ.ਐਸ.-4 ਲਹਿਰ

---

ਡੀ.ਐਸ.-4 ਲਹਿਰ ਦੇ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਅਤੇ ਇਸ ਸੰਭਾਵਨਾ ਤੋਂ ਜਾਣੂ ਹੋਣ ਲਈ ਕਿ ਦਲਿਤ ਲੋਕਾਂ ਦੀ ਇਹ ਲਹਿਰ ਭਾਰਤ ਦੇ ਇਨ-ਕਲਾਬ ਵਿਚ ਕੀ ਹਿੱਸਾ ਪਾ ਸਕਦੀ ਹੈ ਤੇ ਸਾਨੂੰ ਇਨਕਲਾਬੀਆਂ ਨੂੰ ਇਸ ਲਹਿਰ ਦਾ ਕਿਸ ਦ੍ਰਿਸ਼ਟੀ ਤੋਂ ਮੁਲਅੰਕਣ ਕਰਨਾ ਚਾਹੀਦਾ ਹੈ, ਜਿਹੜਾ ਲਿਟਰੇਚਰ ਮੈਨੂੰ ਮਿਲਿਆ, ਉਸ ਵਿਚ ਇਕ ਕਿਤਾਬ THE CHAMCHA AGE (ਚੱਮਚਿਆਂ ਦਾ ਯੁੱਗ) ਸੀ ਜਿਹੜੀ ਇਤਨੀ ਸਾਦੀ, ਸਪੱਸ਼ਟ ਤੇ ਦਿਲਚਸਪ ਤਰੀਕੇ ਨਾਲ ਲਿਖੀ ਗਈ ਹੈ ਕਿ ਮੈਂ ਇਸ 134 ਸਫਿਆਂ ਦੀ ਕਿਤਾਬ ਨੂੰ ਇਕੋ ਬੈਠਕ ਵਿਚ ਪੜ੍ਹਿਆ। ਇਸ ਕਿਤਾਬ ਦੇ ਲੇਖਕ ਹਨ ਸ੍ਰੀ ਕਾਂਸ਼ੀ ਰਾਮ, ਜਿਨ੍ਹਾਂ ਬਾਰੇ ਉਹਨਾਂ ਦੇ ਹਲਕਿਆਂ ਵਿਚ ਇਹ ਕਿਹਾ ਜਾਂਦਾ ਹੈ ਕਿ ਉਹ ਦਲਿਤ ਲੋਕਾਂ ਦੇ ਮਸੀਹਾ ਹਨ, ਕਾਂਸ਼ੀ ਰਾਮ ਪੰਜਾਬ ਦੇ ਰੋਪੜ ਜ਼ਿਲੇ ਦੇ ਇਕ ਰਾਮਦਾਸੀਏ ਟੱਬਰ ਦੇ ਜੰਮਪਲ ਹਨ। ਉਹਨਾਂ ਦੀ ਉਮਰ ਇਸ ਵੇਲੇ 54 ਸਾਲ ਦੇ ਕਰੀਬ ਹੈ। ਉਹ ਦਲਿਤ ਲੋਕਾਂ ਦੀਆਂ ਤਿੰਨ ਸੰਸਥਾਵਾਂ ਦੇ ਬਾਨੀ ਪ੍ਰਧਾਨ ਹਨ। ਇਹ ਤਿੰਨ ਸੰਸਥਾਵਾਂ ਹਨ Bamcef (Backward and Minority Communities Employees Fedetation) DS-4, (Dalit Shoshit Samaj Sangharsh Samiti and BSP (Bahujan Samaj Party) ਇਹਨਾਂ ਤਿੰਨਾਂ

ਸੰਸਥਾਵਾਂ ਦਾ ਹੈਡਕਵਾਟਰ 5323, ਹਰਧਿਆਨ ਸਿੰਘ ਰੋਡ, ਰੇਗੜਪੁਰਾ ਕਰੋਲ ਬਾਗ ਨਵੀਂ ਦਿੱਲੀ 11.0005 ਹੈ। ਇਸ ਕਿਤਾਬ (ਜਿਸਦੀ ਕੀਮਤ 10/- ਹੈ ਤੇ ਉਤਲੇ ਪਤੇ ਤੇ ਮਿਲ ਸਕਦੀ ਹੈ) ਨੂੰ ਪੜ੍ਹ ਕੇ ਇਸ ਦਲਿਤ ਲਹਿਰ ਬਾਰੇ ਜੋ ਜਾਣਕਾਰੀ ਮਿਲਦੀ ਹੈ ਉਸ ਅਨੁਸਾਰ :

o ਦਲਿਤ ਜਾਗ੍ਰਿਤੀ ਦੀ ਇਹ ਲਹਿਰ 19ਵੀਂ ਸਦੀ ਵਿਚ ਮਹਾਤਮਾ ਜਿਉਤੀ ਰਾਓ ਫੂਲੇ ਦੀ ਅਗਵਾਈ ਵਿਚ ਸ਼ੁਰੂ ਕੀਤੀ ਗਈ, ਜਿਸਦਾ ਵੱਡਾ ਨਾਅਰਾ ਸੀ ਕਿ ਅਛੂਤਾਂ ਨੂੰ ਵੀ ਇਸ ਧਰਤੀ ਤੇ ਸਨਮਾਨ ਨਾਲ ਜੀਣ ਦਾ ਹੱਕ ਹੈ। ਅਛੂਤਾਂ ਨੂੰ ਵੀ ਵਿਦਿਆ ਲੈਣ ਦਾ ਹੱਕ ਹੈ। ਅਛੂਤਾਂ ਦੀ ਪੜ੍ਹਾਈ ਦਾ ਨਾਅਰਾ ਉਹਨਾਂ ਨੇ ਹੀ ਉਚਾ ਕੀਤਾ।

o ਵੀਹਵੀਂ ਸਦੀ ਦੇ ਸ਼ੁਰੂ ਵਿਚ ਦਲਿਤ ਜਾਗ੍ਰਿਤੀ ਲਹਿਰ ਨੂੰ ਡਾ. ਅੰਬੇਦਕਰ ਦੀ ਅਗਵਾਈ ਮਿਲੀ। ਅਛੂਤ ਬਹੁਤ ਸਾਰੇ ਹੱਕ ਅੰਗਰੇਜ਼ਾਂ ਦੇ ਵੇਲੇ ਜ ਲੈ ਸਕੇ ਇਹ ਡਾਕਟਰ ਅੰਬੇਦਕਾਰ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਹਨ।

o ਡਾਕਟਰ ਅੰਬੇਦਕਾਰ ਦਾ ਵਿਚਾਰ ਸੀ ਕਿ ਦਲਿਤ ਲੋਕਾਂ ਦੀ ਮੁਕਤੀ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਅਪਣੀ ਪਹਿਚਾਣ ਹਿੰਦੂ ਸਮਾਜ ਤੋਂ ਵੱਖਰੀ ਕਰਨਗੇ।

o ਡਾਕਟਰ ਅੰਬੇਦਕਾਰ ਦੇ ਇਸ ਵਿਚਾਰ ਤੋਂ ਇੰਡੀਅਨ ਨੈਸ਼ਨਲ ਕਾਂਗਰਸ ਵਾਲੇ ਸ਼ੁਰੂ ਤੋਂ ਹੀ ਔਖੇ ਸਨ। ਤਿਲਕ ਵਰਗੇ ਲੀਡਰਾਂ ਦੀ ਤਾਂ ਸੋਚ ਇਹ ਵੀ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਦਲਿਤ ਜਮਾਤ ਨੂੰ ਸਮਾਜ ਵਿਚ ਬਰਾਬਰੀ ਦਾ ਦਰਜਾ ਮਿਲੇ ਤੇ ਹਿੰਦੂ ਰਹੁ-ਰੀਤੀਆਂ ਵਿਚ ਵਿਘਣ ਪਏ। ਉਹਨਾਂ ਨੇ ਡਾਕਟਰ ਅੰਬੇਦਕਾਰ ਦੀ ਲਹਿਰ ਉਤੇ ਇਹ ਇਲਜ਼ਾਮ ਲਗਾਇਆ ਕਿ ਇਹ ਅੰਗਰੇਜ਼ਾਂ ਦਾ ਏਜੰਟ ਬਣ ਕੇ ਭਾਰਤ ਦੀ ਕਲਚਰ ਨੂੰ ਖਤਮ ਕਰਨਾ ਚਾਹੁੰਦੇ ਹਨ। ਉਹ ਹਿੰਦੂਆਂ ਨੂੰ ਇਸਾਈ ਬਨਾਉਣਾ ਚਾਹੁੰਦੇ ਹਨ। ਤਿਲਕ ਹੋਤਾਂ ਜਿਥੇ ਦਲਿਤ ਜਾਗ੍ਰਿਤੀ ਦਾ ਸਿੱਧਾ ਵਿਰੋਧ ਕੀਤਾ ਉਥੇ ਗਾਂਧੀ ਦੇ ਆਗਮਨ ਤੇ ਇਹ ਸਟੈਂਡ ਲਿਆ ਜਾਣ ਲੱਗਾ ਕਿ ਦਲਿਤ ਲੋਕਾਂ ਨੂੰ ਹਿੰਦੂ ਸਮਾਜ ਵਿਚ ਹੀ ਸਨਮਾਨ-ਯੋਗ ਥਾਂ ਮਿਲਣੀ ਚਾਹੀਦੀ ਹੈ। ਲੇਖਕ ਅਨੁਸਾਰ ਨਿਸ਼ਾਨਾ ਤਿਲਕ ਦਾ ਵੀ ਉਹੀ ਸੀ, ਜੋ ਗਾਂਧੀ ਦਾ ਸੀ ਕਿ ਦਲਿਤ ਹਿੰਦੂ ਸਮਾਜ ਤੋਂ ਵੱਖ ਹੋ ਕੇ ਆਪਣੀ ਪਛਾਣ ਨਾ ਬਨਾਉਣਾ। ਤਿਲਕ ਦਾ ਪੈਂਤੜਾ ਬ੍ਰਾਹਮਣੀ ਨੁਕਤਾ ਨਜ਼ਰ ਵਾਲਾ ਕੱਟੜਵਾਦ ਸੀ ਜਦੋਂ ਕਿ ਗਾਂਧੀ ਦਾ ਪੈਂਤੜਾ ਬਾਨੀਏ ਵਾਲਾ ਪਤਿਆਉਣਵਾਦ ਵਾਲਾ ਸੀ।

o ਲੇਖਕ ਦਾ ਕਹਿਣਾ ਹੈ ਕਿ ਡਾਕਟਰ ਅੰਬੇਦਕਰ ਨੇ ਇਹਨਾਂ ਰੁਝਾਨਾਂ ਨੂੰ ਪੂਰੀ ਤਰ੍ਹਾਂ ਪਹਿਚਾਣ ਲਿਆ ਸੀ। ਉਹਨੇ ਲਗਾਤਾਰ ਸੰਘਰਸ਼ ਜਾਰੀ ਰਖਿਆ ਭਾਵੇਂ ਉਹਨੂੰ ਬਹੁਤ ਵਾਰ ਕੌਮੀ ਪ੍ਰੈਸ ਤੋਂ ਅੰਗਰੇਜ਼ਾਂ ਦਾ ਏਜੰਟ, ਭਾਰਤ ਦੀ ਆਜ਼ਾਦੀ ਦਾ ਦੁਸ਼ਮਣ ਆਦਿਕ ਖਿਤਾਬਾਂ ਨਾਲ ਭੰਡਿਆ ਗਿਆ। ਡਾਕਟਰ ਅੰਬੇਦਕਾਰ ਦਾ ਖਿਆਲ ਸੀ ਕਿ ਉਹ ਅੰਗਰੇਜ਼ ਹਕੂਮਤ ਕੋਲੋਂ ਤਾਂ ਫਿਰ ਵੀ ਮਾਨਵਵਾਦੀ ਆਧਾਰ ਤੇ ਦਲਿਤਾਂ ਲਈ ਕੋਈ ਨਾ ਕੋਈ ਹੱਕ ਜਿੱਤ ਸਕਦਾ ਹੈ ਪਰ ਇਕ ਵਾਰੀ ਹਿੰਦੂ ਹਕੂਮਤ ਭਾਰਤ ਵਿਚ ਬਣ ਗਈ ਤਾਂ ਉਹ ਕਦੀ ਵੀ ਦਲਿਤਾਂ ਨੂੰ ਉਠਣ ਨਹੀਂ ਦੇਵੇਗੀ।

o ਲੇਖਕ ਅਨੁਸਾਰ ਡਾਕਟਰ ਅੰਬੇਦਕਾਰ ਦੀ ਦਲੀਲ ਸੀ ਕਿ ਸਦੀਆਂ ਤੋਂ ਜੋ ਦੱਬੇ ਹੋਏ ਹਨ ਤੇ ਜਿਹੜੇ ਸਮਾਜ ਵਿਚ ਸਾਧਨਹੀਣ ਹਨ, ਉਹ ਕਥਿਤ ਜਮਹੂਰੀਅਤ ਵਿਚ ਕਦੀ ਵੀ ਵੱਡੇ ਲੋਕਾਂ ਦੇ ਬਰਾਬਰ ਨਹੀਂ ਖਲੋ ਸਕਣਗੇ ਭਾਵੇਂ ਉਹਨਾਂ ਨੂੰ ਕਾਗਜ਼ਾਂ ਵਿਚ ਹਰ ਇਕ ਬੰਦੇ ਦੀ ਇਕ ਵੋਟ ਦਾ ਅਤੇ ਹੋਰ ਬਰਾਬਰੀ ਦੇ ਹੱਕ ਵੀ ਦਿਤੇ ਜਾਣ। ਇਸ ਲਈ ਉਹਨਾਂ ਲੋਕਾਂ ਨੂੰ ਬਰਾਬਰ ਖੜਾ ਕਰਨ ਲਈ ਲੰਮੇ ਅਰਸੇ ਤੱਕ ਰੇਜ਼ਰ-ਵੇਸ਼ਨ ਦੀਆਂ ਸਹੂਲਤਾਂ ਦੇਣੀਆਂ ਪੈਣਗੀਆਂ। ਉਸਨੇ ਇਹ ਹੱਕ ਅੰਗਰੇਜ਼ਾਂ ਕੋਲੋਂ ਦਲਿਤ ਲੋਕਾਂ ਲਈ ਜਿਤਿਆ ਭਾਵੇਂ ਨੈਸ਼ਨਲ ਲੀਡਰਸ਼ਿਪ ਨੂੰ ਇਸਦੀ ਬੜੀ ਤਕਲੀਫ ਹੋਈ। ਲੇਖਕ ਦੇ ਅਨੁਸਾਰ ਰੇਜ਼ਰਵੇਸ਼ਨ ਦੀ ਦਲੀਲ ਹਾਲੀ ਵੀ ਉਸੇ ਤਰ੍ਹਾਂ ਲਾਗੂ ਹੈ।

o ਅਗਸਤ 1932 ਵਿਚ ਅਛੂਤਾਂ ਲਈ ਵੱਖ ਵੋਟ ਤੇ ਅਧਾਰਤ ਅਪਣੇ ਨੁਮਾਇੰਦੇ ਚੁਣਨ ਦਾ ਹੱਕ ਜਿਤਿਆ ਗਿਆ ਭਾਵ ਅਛੂਤਾਂ ਦਾ ਨੁਮਾਇੰਦਾ ਉਹੀ ਹੋਵੇਗਾ ਜਿਸਨੂੰ ਸਿਰਫ ਅਛੂਤ ਵੋਟਾਂ ਨਾਲ ਚੁਣਿਆ ਜਾਏਗਾ ਤੇ ਹਰ ਇਕ ਚੁਣੇ ਹੋਏ ਅਦਾਰੇ ਵਿਚ ਕੁਝ ਸੀਟਾਂ ਉਹਨਾਂ ਲਈ ਰਾਖਵੀਆਂ ਰਖੀਆਂ ਜਾਣਗੀਆਂ ਜਿਨ੍ਹਾਂ ਦੀ ਗਿਣਤੀ ਅਛੂਤ ਆਬਾਦੀ ਉਤੇ ਅਧਾਰਤ ਹੋਵੇਗੀ। ਜੇਨਰਲ ਸੀਟਾਂ ਵਿਚ ਵੀ ਅਛੂਤ ਵੋਟ ਪਾ ਸਕਣਗੇ ਪਰ ਉਹਨਾਂ ਰਾਖਵੀਆਂ ਸੀਟਾਂ ਵਾਸਤੇ ਸਿਰਫ ਅਛੂਤ ਹੀ ਵੋਟ ਪਾ ਸਕਣਗੇ। ਗਾਂਧੀ ਨੇ ਅਛੂਤਾਂ ਦੀ ਇਸ ਪ੍ਰਾਪਤੀ ਨੂੰ ਵੱਖ-ਵਾਦ ਅਤੇ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਪਾਲਸੀ ਆਖਕੇ ਇਹਦੇ ਵਿਰੁੱਧ ਵਿਚ ਸਤੰਬਰ 1932 ਵਿਚ ਮਰਨ ਵਰਤ ਰਖ ਦਿਤਾ। ਦੇਸ਼ ਭਰ ਵਿਚ ਇਸ ਪੱਧਰ ਤੇ ਵਾਵਵੇਲਾ ਮਚਾਇਆ ਗਿਆ ਕਿ ਲੇਖਕ ਅਨੁਸਾਰ ਡਾਕਟਰ ਅੰਬੇਦਕਾਰ ਨੂੰ ਵੀ ਮਜਬੂਰ ਹੋਕੇ 1932 ਦਾ **ਪੂਨਾ ਪੈਕਟ** ਕਰਨਾ ਪਿਆ। ਇਸ ਪੈਕਟ ਅਨੁਸਾਰ ਦਲਿਤ ਲਈ ਚੁਣੇ ਹੋਏ ਅਦਾਰਿਆਂ ਵਿਚ ਸੀਟਾਂ ਤਾਂ ਰਾਖਵੀਆਂ ਹੋਣਗੀਆਂ ਪਰ ਉਹਨਾਂ ਦੀ ਚੋਣ ਵਿਚ ਸਿਰਫ

ਛੂਤ ਹੀ ਨਹੀਂ ਸਗੋਂ ਸਾਰੇ ਵੋਟਰ ਹਿੱਸਾ ਪਾਉਣਗੇ ।

o ਲੇਖਕ ਅਨੁਸਾਰ ਪੂਨਾ ਪੈਕਟ ਦੇ ਨਾਲ ਹੀ **'ਚਮਚਾ 'ਯੁੱਗ'** ਦਾ ਅਰੰਭ ਹੁੰਦਾ ਹੈ । ਇਸ ਪੈਕਟ ਦਾ ਅਮਲੀ ਨਤੀਜਾ ਇਹ ਸੀ ਕਿ ਅਛੂਤਾਂ ਦਾ ਨੁਮਾਇੰਦਾ ਉਹ ਹੀ ਚੁਣਿਆ ਜਾ ਸਕੇਗਾ ਜੋ ਉੱਚੀ ਜਾਤ ਵੇਲੇ ਹਿੰਦੂਆਂ ਦਾ ਚਮਚਾ ਹੋਵੇਗਾ । ਉਹਨੂੰ ਚੋਣਾਂ ਵਿਚ ਕਾਮ-ਯਾਬ ਕਰਵਾਉਣ ਲਈ ਉੱਚੀ ਜਾਤ ਵਾਲਿਆਂ ਦੇ ਸਾਰੇ ਸਾਧਨ ਮੁਹੀਯਾ ਹੋਣਗੇ । ਅਸਿੱਧੇ ਤੌਰ ਤੇ ਉਹਨੂੰ ਗਾਂਧੀ ਵਰਗੇ ਲੋਕਾਂ ਦਾ ਵੀ ਸਮਰਥਨ ਹੋਵੇਗਾ ਜਿਨ੍ਹਾਂ ਵਾਸਤੇ ਹੁਣ ਅਛੂਤ **'ਹਰੀਜਨ'** ਬਣ ਗਏ ਸਨ । ਸਾਧਨਾਂ ਦੀ ਵਰਤੋਂ ਵੀ ਅਤੇ ਪਤਿਆਉਣ ਦੀ ਕਲਾ ਵੀ ਦਲਿਤਾਂ ਨੂੰ ਭੰਬਲਭੂਸਿਆਂ ਵਿਚ ਪਾਉਣ ਲਈ ਵਰਤੀ ਗਈ ਤੇ ਹੁਣ ਤਕ ਵਰਤੀ ਜਾ ਰਹੀ ਹੈ ।

o ਲੇਖਕ ਦਾ ਕਹਿਣਾ ਹੈ ਕਿ ਡਾਕਟਰ ਅੰਬੇਦਕਰ ਦਾ ਪੂਨਾ ਪੈਕਟ ਕਰਨਾ ਉਸਦੇ ਮਿਸ਼ਨ ਵਿਚ ਇਕ ਵਡੀ ਸਿਆਸੀ ਗ਼ਲਤੀ ਸੀ । ਇਹ ਸੱਚ ਹੈ ਕਿ ਉਸਨੂੰ ਇਸ ਪੈਕਟ ਤੇ ਦਸਤਖਤ ਬੜੇ ਦਬਾਅ ਥੱਲੇ ਕਰਨਾ ਪਿਆ ਹੈ । ਗਾਂਧੀ ਨੇ ਜਦੋਂ ਮਰਨ ਵਰਤ ਰਖਿਆ, ਵੱਡੇ ਵੱਡੇ ਜਲੂਸ ਨਿਕਲਣੇ ਸ਼ੁਰੂ ਹੋ ਗਏ। ਸੈਂਕੜੇ ਚਿੱਠੀਆਂ ਡਾਕਟਰ ਅੰਬੇਦਕਾਰ ਨੂੰ ਮਿਲਦੀਆਂ । ਧਮਕੀਆਂ ਵਾਲੀਆਂ ਵੀ ਤਰਲੇ ਵਾਲੀਆਂ ਸੀ ਕਿ ਜੇਕਰ ਗਾਂਧੀ ਜੀ ਦੀ ਮੌਤ ਹੋ ਗਈ ਤਾਂ ਉਹਦੀ ਜ਼ਿੰਮੇਵਾਰੀ ਡਾਕਟਰ ਅੰਬੇਦਕਾਰ ਉਤੇ ਹੋਵੇਗੀ । ਕੌਮ ਅੰਬੇਦਕਾਰ ਨੂੰ ਕਦੀ ਮੁਆਫ਼ ਨਹੀਂ ਕਰੇਗੀ, ਆਦਿਕ । ਡਾਕਟਰ ਅੰਬੇਦਕਾਰ ਇਸ ਦਬਾਅ ਥੱਲੇ ਆ ਗਿਆ ਹਾਲਾਂਕਿ ਲੇਖਕ ਦੇ ਵਿਚਾਰ ਅਨੁਸਾਰ ਅਗਰ ਉਹ ਗਾਂਧੀ ਨੂੰ ਮਰਨ ਦੇਂਦਾ ਤਾਂ ਕ੍ਰੋੜਾਂ ਦਲਿਤਾਂ ਦੀ ਹੁਣ ਤਕ ਨਿਜਾਤ ਹੋ ਗਈ ਹੁੰਦੀ ਤੇ ਉਹਨਾਂ ਨੂੰ ਹੁਣ ਵਾਲਾ ਸੰਘਰਸ਼ ਨਾਂ ਚਲਾਉਣਾ ਪੈਂਦਾ ।

o ਲੇਖਕ ਦਾ ਕਹਿਣਾ ਹੈ ਕਿ ਗਾਂਧੀ ਇਕ ਚਾਲਾਕ ਤੇ ਜ਼ਿੱਦੀ ਸਿਆਸੀ ਲੀਡਰ ਸੀ । ਆਜ਼ਾਦੀ ਤੋਂ ਪਹਿਲਾਂ ਉਹਨੇ ਬੜੀ ਵਾਰ ਅਪਣੀ ਗੱਲ ਮਨਵਾਉਣ ਲਈ ਮਰਨ ਵਰਤ ਵਰਗੇ ਹਥਿਆਰ ਨੂੰ ਨਾਜਾਇਜ਼ ਵਰਤਿਆ । ਇਹ ਉਹਦੀ ਜ਼ਿਦ ਹੀ ਸੀ ਕਿ ਭਗਤ ਸਿੰਘ ਵਰਗੇ ਇਨਕਲਾਬੀ ਫਾਂਸੀ ਲਗਣ ਤੋਂ ਨਾ ਬਚਾਏ ਜਾ ਸਕੇ । ਸੁਭਾਸ਼ ਚੰਦਰ ਬੋਸ ਵੀ ਗਾਂਧੀ ਦੀ ਇਸ ਜ਼ਿਦੀ ਸਿਆਸਤ ਦਾ ਸ਼ਿਕਾਰ ਹੋਇਆ । ਦਲਿਤ ਲੋਕ ਹਰੀਜਨ ਦੇ ਦੰਭੀ ਨਾਂ ਥੱਲੇ ਹੁਣ ਤਕ ਉਚ ਜਾਤਾਂ ਵਾਲਿਆਂ ਦਾ ਅਤਿਆਚਾਰ ਬਰਦਾਸ਼ਤ ਕਰ ਰਹੇ ਹਨ ।

o ਲੇਖਕ ਅਨੁਸਾਰ ਇਹ ਪੂਨਾ ਪੈਕਟ ਦੀ ਦੇਣ ਹੈ ਕਿ ਦਲਿਤਾਂ ਦੇ ਅਸਲੀ ਨੁਮਾਂਇਦੇ ਉਤੇ ਨਹੀਂ ਆ ਸਕੇ ਸਗੋਂ ਦਲਿਤਾਂ ਵਿਚੋਂ **'ਜਿਨ੍ਹਾਂ'** ਦੇ ਚਮਚੇ ਬਣਨਾ ਸਵੀਕਾਰ ਕਰ ਦਿਆ, ਉਹ ਰੀਜ਼ਰਵ ਸੀਟਾਂ ਤੇ ਦਲਿਤਾਂ ਦੇ ਨੁਮਾਂਇੰਦਿਆਂ ਦੇ ਤੌਰ ਤੇ ਚੁਣੇ ਜਾਂਦੇ ਰਹੇ ਹਨ ਤੇ ਚੁਣੇ ਜਾ ਰਹੇ ਹਨ । ਇਹ ਚਮਚੇ ਅੱਗੋਂ ਹੋਰ ਚਮਚੇ ਪੈਦਾ ਕਰਦੇ ਹਨ । ਸਰਕਾਰ ਦੀਆਂ ਦਲਿਤਾਂ ਦੇ ਨਾਂ ਤੇ ਦਿਤੀਆਂ ਰੀਐਤਾਂ ਆਪਸ ਵਿਚ ਵੰਡ ਲੈਂਦੇ ਹਨ । ਇਸੇ ਕਰਕੇ ਦਲਿਤਾਂ ਦੀ ਸਮਾਜਕ ਮੁਕਤੀ ਦਾ ਵੱਡਾ ਮਸਲਾ ਹੁਣ ਤਕ ਉਥੇ ਹੀ ਖਲੋਤਾ ਹੋਇਆ ਹੈ ।

o ਲੇਖਕ ਅਨੁਸਾਰ ਪੂਨਾ ਪੈਕਟ ਦਾ ਸ਼ਿਕਾਰ ਡਾਕਟਰ ਅੰਬੇਦਕਰ ਪਹਿਲੇ ਆਪ ਤੇ ਹੁਣ ਉਹਦੀ ਰੀਪਬਲਿਕਿਨ ਪਾਰਟੀ ਹੋਈ ਹੈ । 1946 ਵਿਚ ਤਾਂ ਅੰਬੇਦਕਰ ਨੂੰ ਬੰਗਾਲ ਜਾਕੇ ਚੋਣ ਲੜਨੀ ਪਈ ਤਾਂ ਜੋ ਉਹ ਕੰਸਟੀਚੂਟ ਅਸੈਂਬਲੀ ਦਾ ਮੈਂਬਰ ਬਣ ਸਕੇ । 1952 ਅਤੇ 1954 ਵਿਚ ਉਹਨੂੰ ਲੋਕ ਸਭਾ ਵਿਚ ਹਾਰ ਖਾਣੀ ਪਈ ਕਿਉਂਕਿ ਸਾਂਝੀ ਵੋਟ ਪ੍ਰਣਾਲੀ ਵਿਚ ਸਾਧਨ-ਹੀਣ ਦਲਿਤ ਬੜੀ ਛੇਤੀ ਹੀ ਪੈਸੇ ਨਾਲ ਕੁਰਾਹੇ ਪਾਏ ਜਾ ਸਕਦੇ ਹਨ । ਡਾ. ਅੰਬੇਦਕਰ ਦੀ ਰੀਪਬਲਿਕਨ ਪਾਰਟੀ ਦਾ ਹਸ਼ਰ ਕੀ ਹੋਇਆ, ਇਹ ਸਭ ਦੇ ਸਾਹਮਣੇ ਹੈ । 1957 ਦੀ ਅਲੈਕਸ਼ਨ ਵਿਚ ਇਹ ਪਾਰਟੀ ਪੰਜਾਬ ਵਿਚ ਇਕ ਤਾਕਤ ਸੀ । ਇਹਦੀ ਕੋਲ ਵੋਟ 272620 ਸੀ ਪਰ 1980 ਵਿਚ ਇਹ ਵੋਟ ਘੱਟਕੇ 2904 ਰਹਿ ਗਈ । ਕਿਉਂ ? ਅੰਗਰੇਜ਼ਾਂ ਵੇਲੇ ਡਾ. ਅੰਬੇਦਕਾਰ ਨੂੰ ਜਿਸ ਗੱਲ ਦਾ ਡਰ ਸੀ, ਉਹੀ ਹੋਈ । ਅੰਗਰੇਜ਼ਾਂ ਬਾਅਦ ਕਾਂਗਰਸ ਦਾ ਰਾਜ ਆਇਆ ਜੋ ਹਰ ਹੁਰਬਾ ਵਰਤਕੇ ਹਿੰਦੂ ਬ੍ਰਾਹਮਣੀ ਕਲਚਰ ਨੂੰ ਭਾਰਤੀ ਕਲਚਰ ਦਾ ਨਾਂ ਦੇ ਕੇ ਕਾਇਮ ਰਖਣਾ ਚਾਹੁੰਦੀ ਹੈ । ਭਾਰਤੀ ਕਲਚਰ ਦਾ ਮਤਲਬ ਹੈ ਜ਼ਾਤ ਪਾਤ ਦਾ ਕਲਚਰ,ਜਿਸ ਵਿਚ ਨੀਵੀਆਂ ਜ਼ਾਤਾਂ ਨੀਵੀਆਂ ਹੀ ਰਹਿਣ । ਦੁਨੀਆ ਨੂੰ ਦਿਖਲਾਉਣ ਲਈ ਹਰੀਜਨ (ਚਮਚੇ, ਅਸਲੀ ਦਲਿਤ ਨਹੀਂ) ਸਰਕਾਰ ਵਿਚ ਸ਼ਾਮਲ ਕੀਤੇ ਜਾਂਦੇ ਹਨ । ਉਹ ਕੌਮ ਪ੍ਰਸਤੀ ਦੇ ਨਾਂ ਉਤੇ ਬਹੁਤੀ ਵਾਰ ਅਪਣੇ ਹੀ ਵਰਗ ਦੇ ਵਿਰੁਧ ਭੁਗਤਦੇ ਹਨ । ਉਹਨਾਂ ਨੂੰ ਵਡਾ ਦੇਸ਼ ਭਗਤ ਕਿਹਾ ਜਾਂਦਾ ਹੈ । ਜੋ ਇਸਦਾ ਵਿਰੋਧ ਕਰਦਾ ਹੈ,ਉਹਨੂੰ ਦੇਸ਼ ਧਰੋਹੀ ਦਾ ਦਰਜਾ ਦੇਕੇ ਠੱਪ ਕਰ ਦਿੱਤਾ ਜਾਂਦਾ ਹੈ ।

o ਲੇਖਕ ਦਾ ਕਹਿਣਾ ਹੈ ਕਿ ਦਲਿਤਾਂ ਨੂੰ ਭੰਬਲ ਭੂਸਿਆਂ ਵਿਚ ਪਾਉਣ ਲਈ ਉਹਨਾਂ ਦੀ ਭਲਾਈ ਲਈ ਅਨੇਕਾਂ ਬੋਰਡ ਅਤੇ ਅਨੇਕਾਂ ਸਕੀਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ (ਤਾਂ ਜੋ ਵੋਟ ਬੈਂਕ ਕਾਇਮ ਰਖਿਆ ਜਾ ਸਕੇ) ਪਰ ਮਸਲੇ ਦੀ ਜੜ੍ਹ ਜਿਸਦੇ ਨਾਲ ਇਕ ਦਲਿਤ ਸਮਾਜ ਵਿਚ ਸਨਮਾਨ ਹਾਸਿਲ ਕਰ ਸਕਦਾ ਹੈ, ਉਸਨੂੰ ਛੋਹਿਆ ਤਕ ਨਹੀਂ ਗਿਆ ।

o ਲੇਖਕ ਅਨੁਸਾਰ ਹੁਣ ਦਲਿਤ ਜਦੋਂ ਇਕ

ਵਾਰੀ ਜਾਗ੍ਰਤ ਹੀ ਰਹੇ ਹਨ ਤੇ ਉਹਨਾਂ ਨੂੰ ਧਮਕਾਉਣ ਲਈ 'ਰੈਜ਼ਰਵੇਸ਼ਨ ਵਿਰੋਧੀ ਅੰਦੋਲਨ ਅਤੇ ਫਸਾਦ' ਭੜਕਾਏ ਜਾਣ ਲਗ ਪਏ ਹਨ। ਬਲਿਓਂ ਆਪ ਹੀ ਫਸਾਦ ਕਰਾਂਦੇ ਹਨ ਤੇ ਫੇਰ ਆਪਣੇ ਆਪ ਨੂੰ 'ਦਲਿਤਾਂ ਦਾ ਦੋਸਤ' ਸਾਬਤ ਕਰਨ ਲਈ ਫਸਾਦਾਂ ਨੂੰ 'ਦਬਾਉਣ ਦਾ ਨਾਟਕ ਕਰਦੇ ਹਨ। ਇਹ ਸਿਰਫ ਵੋਟਾਂ ਦੀ ਖਾਤਿਰ ਕੀਤਾ ਜਾਂਦਾ ਹੈ ਅਤੇ ਅਪਣੇ ਚਮਚਿਆਂ ਦੀ ਪੂਰੀ ਸਹਾਇਤਾ ਲਈ ਜਾਂਦੀ ਹੈ।

o ਲੇਖਕ ਨੇ ਇਕ ਇਤਹਾਸਕ ਹਵਾਲਾ ਦੇਂਦੇ ਹੋਏ ਲਿਖਿਆ ਹੈ ਕਿ 25 ਨਵੰਬਰ 1949 ਵਾਲੇ ਦਿਨ ਡਾ. ਅੰਬੇਦਕਰ ਨੇ ਇਹ ਗੱਲ ਆਖੀ ਸੀ.. 26 ਜਨਵਰੀ 1950 ਤੋਂ ਅਸੀਂ ਇਕ ਵਿਰੋਧਤਾਈਆਂ ਵਾਲੀ ਜ਼ਿੰਦਗੀ ਵਿਚ ਦਾਖਿਲ ਹੋ ਰਹੇ ਹਾਂ। ਸਿਆਸੀ ਸ਼ਬਦਾਵਲੀ ਵਿਚ ਅਸੀਂ ਇਕ ਬਰਾਬਰ ਦੇ ਹੱਕਾਂ ਵਾਲੇ ਮਨੁੱਖ ਹੋਵਾਂਗੇ ਪਰ ਸਮਾਜਕ ਅਤੇ ਆਰਥਕ ਪ੍ਰਸੰਗ ਵਿਚ ਅਸੀਂ ਬਹੁਤ ਹੀ ਪਛੜੇ ਹੋਏ ਮਨੁੱਖ ਹੋਵਾਂਗੇ। ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਸੀਂ ਇਹ ਵਿਰੋਧਤਾਈਆਂ ਮੁਕਾ ਸਕਾਂਗੇ ਕਿ ਨਹੀਂ? ਲੇਖਕ ਅਨੁਸਾਰ ਬੱਤੀ ਸਾਲਾ (1982–ਕਿਤਾਬ ਲਿਖਣ ਦਾ ਸਮਾਂ) ਨੇ ਦਸ ਦਿਤਾ ਕਿ ਇਹ ਵਿਰੋਧਤਾਈ ਮੁਕਣ ਦੀ ਥਾਂ ਹੋਰ ਵਧੀ ਹੈ। ਚਮਚਿਆਂ ਤੋਂ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਸੀ?

o ਲੇਖਕ ਨੇ ਇਹ ਸੱਦਾ ਦਿੱਤਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਦਲਿਤ ਸੋਸ਼ਿਤ ਵਰਗ ਆਪਣੇ ਆਪ ਨੂੰ ਇਹਨਾਂ ਚਮਚਿਆਂ ਤੋਂ ਨਿਜਾਤ ਪਾਕੇ ਅਪਣੀ ਤਾਕਤ ਉਤੇ ਖਲੋਵੇ। ਅਪਣੇ ਆਪ ਨੂੰ ਬ੍ਰਾਹਮਣੀ ਕਲਚਰ ਤੋਂ ਆਜ਼ਾਦ ਕਰਵਾਵੇ। ਹਿੰਦੂ ਸਮਾਜ ਤੋਂ ਅਪਣੀ ਵੱਖਰੀ ਪਛਾਣ ਕਾਇਮ ਕਰੇ। ਉੱਚ ਜਾਤ ਦੇ ਲੋਕਾਂ ਕੋਲ ਬੜੇ ਸਾਧਨ ਹਨ। ਦਲਿਤ ਅਪਣੇ ਸੀਮਤ ਸਾਧਨਾਂ ਨੂੰ ਇਕੱਠੇ ਕਰਨ। ਉਹਨਾਂ ਦੇ ਕੋਲ ਪਰਚਾਰ ਲਈ ਜੀਪਾਂ ਹਨ ਤਾਂ ਦਲਿਤ ਗਰੀਬਾਂ ਕੋਲ ਸਾਈਕਲ ਹਨ। 100 ਸਾਈਕਲ ਇਕ ਜੀਪ ਦਾ ਮੁਕਾਬਲਾ ਕਰ ਸਕਦੇ ਹਨ। ਦਲਿਤ ਲੋਕਾਂ ਨੇ ਉੱਚ ਜਾਤਾਂ ਵਾਲੇ ਹੁਕਮਰਾਨਾਂ ਵਰਗਾਂ ਨਾਲ ਸਿਰਫ ਮੁਕਾਬਲਾ ਹੀ ਨਹੀਂ ਕਰਨਾ, ਸਗੋਂ ਉਹਨਾਂ ਨੂੰ ਹਰਾਣਾ ਹੈ। ਤਾਂ ਹੀ ਗੁਲਾਮੀ ਨੂੰ ਖਤਮ ਕਰ ਸਕਾਂਗੇ।

o ਲੇਖਕ ਦਾ ਕਹਿਣਾ ਹੈ ਦਲਿਤਾਂ ਨੂੰ ਅਪਣੀ ਵੱਖਰੀ ਜਥੇਬੰਦੀ ਬਨਾਉਣੀ ਪਵੇਗੀ। ਉਹਨਾਂ ਨੂੰ ਜਮਾਤੀ ਜੰਗ ਤੋਂ ਪਹਿਲੇ ਜਾਤੀ ਜੰਗ ਲੜਣੀ ਪਵੇਗੀ। (Caste War Before Class War)। ਲੇਖਕ ਅਗੇ ਲਿਖਦਾ ਹੈ ਕਿ ਕਮਿਊਨਿਸਟ ਸਮਾਜਕ ਨਿਆ ਲਈ ਲੜਣ ਵਾਲੇ ਹਨ ਪਰ 'ਦਲਿਤਾਂ ਦਾ ਤਜਰਬਾ ਦਸਦਾ ਹੈ ਕਿ ਕਮਿਊਨਿਸਟ ਲੀਡਰਸ਼ਿਪ ਵੀ ਬ੍ਰਾਹਮਣਾ ਦੇ ਹੱਥ ਵਿਚ ਹੈ। ਉਨਾਂ ਨੇ ਕਦੀ ਵੀ ਦਲਿਤਾਂ ਦੇ ਦੁੱਖ ਨੂੰ ਦੂਜੇ ਗਰੀਬਾਂ ਦੇ ਦੁੱਖ ਤੋਂ ਵੱਖਰਾ ਨਹੀਂ ਦੇਖਿਆ। ਦਲਿਤ ਗਰੀਬ ਵੀ ਹਨ ਤੇ ਨਾਲ ਦੁਰਕਾਰੇ ਵੀ ਹੋਏ ਹਨ। ਉਹਨਾਂ ਨੂੰ ਗਰੀਬੀ ਦੇ ਵਿਰੁੱਧ ਸੰਘਰਸ਼ ਦੇ ਨਾਲ ਨਾਲ ਸਮਾਜ ਵਿਚ ਅਪਣੇ ਸਨਮਾਨ ਲਈ ਸੰਘਰਸ਼ ਵੀ ਕਰਨਾ ਪੈਣਾ ਹੈ। ਉਹਨਾਂ ਨੂੰ ਅਪਣੇ ਸਨਮਾਨ ਦੀ ਲੜਾਈ ਆਪ ਲੜਣੀ ਪਵੇਗੀ। ਡੀ. ਐਸ–4 ਲਹਿਰ ਇਸ ਮੰਤਵ ਲਈ ਜਥੇਬੰਦ ਕੀਤੀ ਜਾ ਰਹੀ ਹੈ।

o ਲੇਖਕ ਦਾ ਇਲਜ਼ਾਮ ਹੈ ਕਿ ਕਮਿਊਨਿਸਟਾਂ ਕੋਲ ਇਕੋ ਹੀ ਦਲੀਲ ਹੈ ਕਿ ਕੋਈ ਵੀ ਸਮਾਜਕ ਇਨਸਾਫ ਲਈ ਲੜੀ ਜਾਣ ਵਾਲੀ ਲਹਿਰ ਜਿਹੜੀ ਉਹਨਾਂ ਦੇ ਅਸਰ ਰਸੂਖ ਥੱਲੇ ਨਹੀਂ ਉਸਨੂੰ ਉਹ C. I. A. ਵਲੋਂ ਖੜੀ ਕੀਤੀ ਗਈ ਲਹਿਰ ਦਾ ਲੇਬਲ ਲਗਾ ਦੇਂਦੇ ਹਨ। ਦਲਿਤ ਲਹਿਰ ਬਾਰੇ ਵੀ ਉਹਨਾਂ ਨੇ ਇਹੋ ਜਹੀਆਂ ਗੱਲਾਂ ਹੀ ਕੀਤੀਆਂ ਹਨ। ਦਲਿਤ ਉਹਨਾਂ ਦੀ ਇਸ ਸਮਝ ਨੂੰ ਇਕ ਨਫਰਤ ਵਾਲੀ ਮੁਸਕਾਨ ਨਾਲ ਨਜ਼ਰ ਅੰਦਾਜ਼ ਕਰਨਾ ਚਾਹੁੰਦੇ ਹਨ। ਚਮਚਿਆਂ ਦੇ ਯੁੱਗ ਵਿਚ ਉਹ ਅਪਣੇ ਦਰਮਿਆਨ ਚਮਚਿਆਂ ਤੋਂ ਆਜ਼ਾਦ ਨਹੀਂ ਹਨ।

**ਮੇਰੇ ਅਪਣੇ ਵਲੋਂ ਕੁਝ ਗੱਲਾਂ :** ਇਸ ਕਿਤਾਬ ਦੀ ਇਸ ਤਰ੍ਹਾਂ ਵਿਸਥਾਰ ਨਾਲ ਪਹਿਚਾਨ ਕਰਵਾ ਕੇ ਕੁਝ ਗੱਲਾਂ ਮੈਂ ਅਪਣੇ ਵਲੋਂ ਵੀ ਕਹੀਅ ਹਨ, ਇਹ ਕਿਤਾਬ ਮੈਂ ਸਾਰੇ ਹੀ ਸਿਆਸੀ ਸਾਇੰਸ ਦੇ ਵਿਦਿਆਰਥੀਆਂ ਅਤੇ ਸਰਗਰਮ ਵਰਕਰਾਂ ਨੂੰ ਪੜ੍ਹਣ ਲਈ ਸਿਫਾਰਸ਼ ਕਰਾਂਗਾ। ਇਹਦੀਆਂ ਧਾਰਨਾਵਾਂ ਨਾਲ ਤੁਹਾਡਾ ਇਖ਼ਤਲਾਫ ਹੋ ਸਕਦਾ ਹੈ। ਮੇਰਾ ਵੀ ਹੈ, ਪਰ ਡੀ. ਐਸ–4 ਲਹਿਰ ਨੂੰ ਤੁਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ। 1985 ਦੀਆਂ ਚੋਣਾਂ ਵਿਚ ਇਹਨੇ ਪੰਜਾਬ ਵਿਚ ਅਤੇ ਖਾਸ ਕਰ ਦੁਆਬੇ ਦੇ ਇਲਾਕੇ ਵਿਚ ਚੋਣ ਦ੍ਰਿਸ਼ ਵਿਚ ਬੜੀ ਤਬਦੀਲੀ ਲਿਆਂਦੀ ਹੈ। ਕਾਂਗਰਸੀਆਂ ਦੇ ਕਈ ਗੜ੍ਹ ਡਿੱਗੇ ਹਨ। ਦੁਆਬੇ ਦੇ ਬਹੁਤ ਸਾਰੇ ਲੋਕ ਜੋ ਇੰਗਲੈਂਡ ਵਿਚ ਰਹਿੰਦੇ ਹਨ, ਉਹਨਾਂ ਇਸ ਲਹਿਰ ਦਾ ਅਸਰ ਰਸੂਖ ਕਬੂਲਿਆ ਹੈ। ਇਨਕਲਾਬੀ ਲਹਿਰ ਨੂੰ ਇਸ ਲਹਿਰ ਬਾਰੇ ਜਾਣਕਾਰੀ ਅਤੇ ਸਹੀ ਦ੍ਰਿਸ਼ਟੀ ਅਪਣਾਉਣੀ ਜ਼ਰੂਰੀ ਹੈ। ਬਹੁਤ ਸਾਰੀਆਂ ਦਲੀਲਾਂ ਦਾ ਉਹੀ ਝਉਲਾ ਪੈਂਦਾ ਹੈ ਜੋ ਸਿੱਖ ਕੱਟੜਵਾਦੀ ਦੇਂਦੇ ਹਨ ਜਾਂ ਅਕਾਲੀ ਪਾਰਟੀ ਦਾ ਅਕਸਰ ਆਧਾਰ ਬਣਦੀਆਂ ਹਨ। ਨਾਅਰਾ ਇਹ ਦਿਤਾ ਜਾਂਦਾ ਹੈ ਕਿ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ, ਪਰ ਜਦੋਂ ਕੁਰਸੀ ਹਾਸਿਲ ਹੋ ਜਾਂਦੀ ਹੈ ਤਾਂ ਵਿਤਕਰੇ ਭੁਲ ਜਾਂਦੇ ਹਨ। ਕੀ ਇਹ ਲਹਿਰ ਵੀ ਇਸ

ਲਈ ਨਹੀਂ ਜਥੇਬੰਦ ਕੀਤੀ ਜਾ ਰਹੀ ਹੈ ਕਿ ਅਛੂਤਾਂ ਵਿਚ ਉਹ ਤੱਬਕਾ ਜਾਂ ਉਹ ਲੋਕ ਜੋ ਹੁਣ ਪੜ੍ਹ ਲਿਖਕੇ ਕੁਝ ਅੱਗੇ ਆ ਗਏ ਹਨ,ਉਹ ਇਸ ਵਿਤਕਰੇ ਦਾ ਨਾਅਰਾ ਵਰਤਕੇ ਹਕੂਮਤੀ ਤਾਕਤ ਵਿਚ ਹਿੱਸਾ ਜਾਂ ਹੋਰ ਰਿਐਤਾਂ ਲੈਣਾ ਚਾਹੁੰਦੇ ਹਨ ? ਇਸ ਸਵਾਲ ਦਾ ਜਵਾਬ ਤਾਂ ਹੀ ਠੀਕ ਮਿਲ ਸਕੇਗਾ ਜੇਕਰ ਇਹ ਪਰਖ ਕੀਤੀ ਜਾਏ ਕਿ ਇਹ ਲਹਿਰ ਅਪਣੇ ਦੱਬੇ ਕੁਚੱਲੇ ਲੋਕਾਂ ਦੀ ਅਸਲ ਜਾਗ੍ਰਿਤੀ ਵਾਸਤੇ ਕੀ ਭੂਮਿਕਾ ਅਦਾ ਕਰ ਰਹੀ ਹੈ ।.ਇਸ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੈ। /ਗੁਰਸ਼ਰਨ ਸਿੰਘ

o

---

ਪਾਠਕ ਲੇਖਕ ਫੋਰਮ

## 1. ਉਸਰ ਰਹੇ ਇਨਕਲਾਬੀ ਕੇਂਦਰ ਪੰਜਾਬ ਦੇ ਨਾਂ

—ਲਕਛਮੀ ਨਰਾਇਣ ਭੀਖੀ

ਸਮਤਾ ਸਦਾ ਦੇ ਰਹੀ ਹੈ,
ਇਨਕਲਾਬੀ ਕੇਦਰ ਲਾਓ ਉਸਾਰ,
ਜਿੱਤ ਲਈ ਜੈਕਾਰਾ ਲਓ,
ਲੋਕ ਯੁੱਧ ਨੂੰ ਲੋਕ ਹੀ ਲਾਉਂਦੇ ਪਾਰ,
ਹਰ ਖੇਤਰ 'ਚ ਸਿਆਸਤ ਵੰਡੋ,
ਕੌਮਾਂਤਰੀ ਰਾਜਨੀਤੀ ਦਾ ਇਵੇਂ ਕਰੋ ਪ੍ਰਸਾਰ,
ਹਨੇਰੇ, ਫਿਰਕੂ ਤੂਫ਼ਾਨਾਂ ਅੰਦਰ,
ਚਾਨਣ ਦਾ ਵੰਡੋ ਪੈਗਾਮ,
ਐਸਾ ਟਾਕਰਾ ਜਾਬਰਾਂ ਨਾਲ ਕਰਨਾ,
ਹਾਕਮਾਂ ਦਾ ਕੰਮ ਹੋਵੇ ਜਾਮ,
ਜਨਤਕ ਇਨਕਲਾਬੀ ਲੀਹ ਦੇਖ ਕੇ,
ਲੁਟੇਰੇ ਭੈਭੀਤ ਹੋਣ ਹੈਰਾਨ !
ਸਾਰੇ ਪਰਚੇ ਮਿਜ਼ਾਇਲਾਂ ਵਾਂਗ,
ਕਮਿਊਨਿਸਟ ਬਰਗੇਡ ਬਣਾਉ,
ਹਰ ਘਰ ਅੰਦਰ ਕਮਿਊਨਿਸਟ ਵਰਕਰ ਹੋਣ,
ਐਸਾ ਅਮਲ ਚਲਾਓ ।
ਹਾਕਮਾਂ ਨੂੰ ਤਰਥਲੀਆਂ ਪੈਵਣ,
ਐਸਾ ਜ਼ਫ਼ਰਨਾਮਾ ਸੁਣਾਉ !
ਫਿਰਕਾਪ੍ਰਸਤੀ ਵਿਰੋਧੀ ਫਰੰਟ ਨੂੰ,
ਉਚੀਆਂ ਮੰਜ਼ਲਾਂ ਤੱਕ ਪੁਚਾਈਏ
ਲੋੜਾਂ ਪੂਰੀਆਂ ਕਰਨ ਲਈ,
ਦਿਲਾਂ ਦੀ ਸੁਰਖ ਰੇਖਾ ਬਣਾਈਏ,
ਇਨਕਲਾਬੀ ਕੇਂਦਰ ਪੰਜਾਬ ਬਣੇ,
ਐਸਾ ਯਤਨ ਚਲਾਈਏ ।
ਅੰਧ ਵਿਸ਼ਵਾਸ ਛੱਡ ਕੇ,
ਤਰਕਸ਼ੀਲ ਸਭੇ ਲੋਕੀ ਹੋ ਜਾਵਣ,
ਜਮਹੂਰੀ ਹੱਕਾਂ ਦੀ ਰਾਖੀ ਕਰਕੇ,
ਆਪਣੇ ਅਧਿਕਾਰਾਂ ਨੂੰ ਪਾਵਣ,
ਗੰਦੇ ਸਭਿਆਚਾਰ ਨੂੰ ਖਦੇੜਨ,
ਕਰਾਂਤੀਕਾਰੀ ਸਾਹਿਤ ਦੇ ਨਾਹਰੇ ਲਾਵਣ,,
ਨੌਜੁਆਨ ਨੇ ਸਿਰੜੀ ਤਬਕਾ,
ਗਿਆਨ ਖੁਣੋਂ ਇਹ ਰਹਿਣ ਨਾ ਵਾਂਝੇ
ਲੋਕਾਂ ਨੂੰ ਜੱਥੇਬੰਦ ਕਰਨ ਲਈ,
ਹੰਭਲੇ ਮਾਰੀਏ ਸਾਂਝੇ ।
ਫਿਰ ਸਾਨੂੰ ਲੁੱਟਦੇ, ਨੂਸ਼ਦੇ ਹਾਕਮ—
ਸਦਾ ਲਈ ਜਾਵਣ ਮਾਂਜੇ ।
ਅਖੌਤੀ ਸਿਆਸਤ ਨਾਲ ਭਿੜਨ ਲਈ,
ਇਕੱਠੇ ਕਰੀਏ ਮਜ਼ਦੂਰ ਕਿਸਾਨ,
ਸ਼ਹੀਦਾਂ ਵਾਲੇ ਰਾਹ ਚੱਲ ਕੇ,
ਉਚੀ ਕਰੀਏ ਵਿਰਸੇ ਦੀ ਸ਼ਾਨ,
ਵਿਸ਼ਾਲ ਦਿਲੀ ਨਾਲ ਗੁਰਸ਼ਰਨ ਸਿੰਘ ਦਾ,
ਸੱਦਾ ਕਰੋ ਪ੍ਰਵਾਨ !

## 2. ਇਨਕਲਾਬੀ ਜਮਹੂਰੀ ਕੇਂਦਰ ਦੀ ਉਸਾਰੀ ਬਾਰੇ / ਗੁਰਭੇਜ ਸਿੰਘ ਸਰਪੰਚ ਪਲਾਸੌਰ

ਸਮਤਾ ਵਲੋਂ ਪੰਜਾਬ ਅੰਦਰ ਇਕ ਸਾਂਝਾ ਇਨ-ਕਲਾਬੀ ਕੇਂਦਰ ਉਸਾਰਨ ਬਾਰੇ ਸੱਦਾ ਦਿਤਾ ਗਿਆ। ਇਹ ਬਹੁਤ ਵਧੀਆ ਗੱਲ ਹੈ। ਆਮ ਲੋਕ ਜ਼ਰੂਰ ਇਸ ਦਾ ਸੁਆਗਤ ਕਰਨਗੇ ਚਾਹੇ ਉਨ੍ਹਾਂ ਨੂੰ ਮੌਜੂਦਾ ਗਰੁੱਪ-ਲੀਡਰਾਂ ਤੋਂ ਏਕਤਾ ਦੀ ਕੋਈ ਆਸ ਨਹੀਂ । ਮੇਰੇ ਖਿਆਲ ਵਿਚ ਕਿਸੇ ਮਰੀਜ਼ ਦਾ ਮੇਜਰ ਉਪਰੇਸ਼ਨ ਕਰਨ ਵਾਂਗ ਇਹ ਯਤਨ ਕਾਫ਼ੀ ਗੰਭੀਰਤਾ ਦੀ ਮੰਗ ਕਰਦਾ ਹੈ ਕਿਉਂਕਿ ਪਹਿਲਾਂ ਹੋਏ ਏਕਤਾ ਦੇ ਉਪਰਾਲੇ ਅਨੇਕਤਾ ਹੀ ਪੈਦਾ ਕਰਦੇ ਆਏ ਹਨ । ਮੈਂ ਜ਼ਾਤੀ ਤੌਰ ਤੇ ਦਰਜਨਾਂ ਏਕਤਾ ਤੇ ਫੁਟਾਂ ਦੇ ਤਜਰਬੇ ਦੇਖੇ ਹਨ ਅਤੇ ਜ਼ਰੂਰੀ ਸਮਝਦਾ ਹਾਂ ਕਿ ਇਹਨਾਂ ਨੂੰ ਸਮਤਾ ਪਾਠਕਾਂ ਨਾਲ ਸਾਂਝਾ ਕਰਾਂ ਤਾਂ ਕਿ ਅਗਲਾ ਤਜਰਬਾ ਪਹਿਲੀਆਂ ਗਲਤੀਆਂ ਨਾ ਦੁਹਰਾਏ ।

(ੳ) ਏਕਤਾ ਦਾ ਘੇਰਾ :—ਅਸਲ ਵਿਚ ਜਿਹੜੇ ਵੀ ਸ਼ੁਭ ਚਿੰਤਕ ਅੱਜ ਪੰਜਾਬ ਅੰਦਰ ਏਕਤਾ ਚਾਹੁੰਦੇ ਹਨ ਉਨ੍ਹਾਂ ਦਾ ਧਿਆਨ ਉਸ ਵਿਸ਼ਾਲ ਜਨਤਕ ਜਮਹੂਰੀ ਕੇਂਦਰ ਵੱਲ ਹੈ ਜਿਸਨੇ ਪਿਛਲੇ 15 ਸਾਲਾਂ ਤੋਂ ਵੱਖ ਵੱਖ ਜਮਹੂਰੀ ਜਥੇਬੰਦੀਆਂ ਵਿਚ ਹਿੱਸਾ ਲਿਆ ਹੈ ਤੇ ਅੱਜ ਨਿਰਾਸ਼ ਹੋਏ ਬੈਠੇ ਹਨ । ਏਸੇ ਕਰਕੇ ਅਸੀਂ ਉਸ ਲਾਮ-ਬੰਦੀ ਦੀ ਦੁਬਾਰਾ ਆਸ ਕਰਦੇ ਹਾਂ ਜੋ ਮੋਗਾ ਘੋਲ, ਐਮਰਜੈਂਸੀ ਵਿਰੋਧੀ ਘੋਲ ਜਾਂ ਬਸ ਕਿਰਾਇਆ ਘੋਲ ਵਿਚ ਦੇਖਣ ਨੂੰ ਮਿਲੀ ਸੀ। ਇਹ ਡਰ ਵੀ ਪੈਦਾ ਕੀਤਾ ਜਾ ਰਿਹਾ ਹੈ ਕਿ ਜਿਹੜੇ ਲੋਕ ਇਸ ਲਹਿਰ ਵਿਚ ਫੁਟ ਪਾਉਣ ਦੇ ਜ਼ਿੰਮੇਵਾਰ ਹਨ ਉਹ ਖੁਦ ਕਿਸੇ ਨਾ ਕਿਸੇ

ਗਰੁੱਪ ਦੇ ਲੀਡਰ ਹਨ ਤੇ ਜੋ ਏਕਤਾ ਦੇ ਪੱਖੀ ਸਨ ਉਹ ਘਰ ਬੈਠਾ ਦਿਤੇ ਗਏ ਹਨ ਇਸ ਲਈ ਏਕਤਾ ਨੂੰ ਬਲ ਨਹੀਂ ਮਿਲ ਸਕਦਾ । ਇਹ ਡਰ ਸੱਚਾ ਹੀ ਹੈ । ਪਰ ਇਸ ਵਾਰ ਏਕਤਾ ਦਾ ਸੱਦਾ ਕਿਸੇ ਗਰੁੱਪ ਵਲੋਂ ਨਹੀਂ ਆਇਆ ਸਗੋਂ ਉਨ੍ਹਾਂ ਲੋਕਾਂ ਵਲੋਂ ਆਇਆ ਹੈ ਜਿਨ੍ਹਾਂ ਹਰ ਫੁੱਟ ਤੇ ਦੁੱਖ ਪ੍ਰਗਟ ਕੀਤਾ ਸੀ । ਸੋ ਏਕਤਾ ਚਾਹੁਣ ਵਾਲੇ ਲੋਕਾਂ ਵਲੋਂ ਦਿਤੇ ਗਏ ਸੱਦੇ ਦਾ ਪਹਿਲਾ ਨਾਹਰਾ ਸਾਰੇ ਜਮਹੂਰੀ ਲੋਕਾਂ ਦੀ ਏਕਤਾ ਦਾ ਹੋਣਾ ਚਾਹੀਦਾ ਹੈ । ਮੇਰਾ ਆਪਣਾ ਤਜਰਬਾ ਹੈ ਕਿ ਪੰਜਾਬ ਅੰਦਰ ਜੋ ਜਨਤਕ ਲਹਿਰ 1973 ਤੋਂ 75 ਤੱਕ ਪੂਰੇ ਜੋਬਨ ਤੇ ਸੀ ਉਹ ਨਾ ਤਾਂ ਨਕਸਲੀ ਲਹਿਰ ਸੀ ਤੇ ਨਾ ਹੀ ਮਾਰਕਸੀ-ਲੈਨਿਨੀ । ਉਹ ਤਾਂ ਉਸ ਸਮੇਂ ਦੀਆਂ ਸਥਾਪਤ ਸਿਆਸਤਾਂ ਤੋਂ ਆਕੀ ਹੋਏ ਨੌਜਵਾਨਾਂ ਦੀ ਲਹਿਰ ਸੀ ਜੋ ਸਮਾਜ ਨੂੰ ਨਵੀਂ ਲੀਹ ਤੇ ਪਾਉਣਾ ਲੋਚਦੇ ਸਨ । ਕਈਆਂ ਨੂੰ ਇਹ ਸੱਚ ਜ਼ਰੂਰ ਅਜੀਬ ਲੱਗਾ ਹੋਵੇਗਾ । ਪਰ ਇਸ ਸੱਚ ਨੂੰ ਸਾਹਮਣੇ ਲਿਆਉਣਾ ਜ਼ਰੂਰੀ ਹੈ । ਪੰਜਾਬ ਸਟੂਡੈਂਟਸ ਯੂਨੀਅਨ ਨਕਸਲੀ ਲਹਿਰ ਤੋਂ ਪਹਿਲਾਂ ਬਣੀ ਸੀ । ਨਕਸਲਬਾੜੀ ਦੀ ਕਿਸਾਨ ਬਗ਼ਾਵਤ ਭਾਰਤ ਅੰਦਰਲੀ ਕਮਿਊਨਿਸਟ ਲਹਿਰ ਅੰਦਰ ਨਿਰਸੰਦੇਹ ਇਕ ਅਹਿਮ ਘਟਨਾ ਸੀ ਜਿਸਨੇ ਕਾਮਰੇਡਾਂ ਨੂੰ ਗਲ ਸੜ ਰਹੀ ਧਿਰ ਤੋਂ ਬਾਹਰ ਆਉਣ ਦਾ ਮੌਕਾ ਦਿਤਾ । ਜਦ ਇਸ ਲਹਿਰ ਦਾ ਅਸਰ ਪੰਜਾਬ ਅੰਦਰ ਪਹੁੰਚਿਆ ਤਾਂ ਜਨਤਕ ਜਮਹੂਰੀ ਲਹਿਰ ਦਾ ਪਹਿਲਾ ਖਿੰਡਾਅ ਹੋਇਆ ਤੇ ਖਾੜਕੂ ਐਕਸ਼ਨਾਂ ਨੇ ਇਸਦੀ ਥਾਂ ਲਈ । ਇਸ ਤੋਂ ਆਕੀ ਕੁਝ ਲੋਕਾਂ ਨੇ ਜਨਤਕ ਜਮਹੂਰੀ ਲਹਿਰ ਨੂੰ ਫਿਰ ਸ਼ੁਰੂ ਕਰਨ ਦਾ ਜਦ ਬੀੜਾ ਚੁਕਿਆ ਤਾਂ ਉਨ੍ਹਾਂ ਨੇ ਐਲਾਨੀਆਂ ਕਿਹਾ ਕਿ ਸਾਡਾ ਨਕਸਲੀਆਂ ਸਮੇਤ ਕਿਸੇ ਵੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ । ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਪੀ. ਐਸ. ਯੂ. ਦੇ ਤਰੱਕੀ ਕਰਨ ਦੇ ਦੌਰ ਨੂੰ ਧਿਆਨ ਨਾਲ ਵਾਚਿਆਂ ਸਾਫ਼ ਜ਼ਾਹਰ ਹੈ ਕਿ ਇਸ ਨੇ ਆਪਣੇ ਆਪ ਨੂੰ ਗ਼ੈਰ ਸਿਆਸੀ ਜਥੇਬੰਦੀ ਹੋਣ ਤੇ ਹਮੇਸ਼ਾਂ ਹੀ ਵੱਧ ਜ਼ੋਰ ਦਿੱਤਾ ਸੀ । ਇਕ ਹੋਰ ਪੱਖ ਉਸ ਲਹਿਰ ਦਾ ਨੋਟ ਕਰਨ ਵਾਲਾ ਹੈ ਉਹ ਹੈ ਕਮਿਊਨਿਸਟ ਵਿਰੋਧੀ ਭਾਵਨਾਵਾਂ ਦਾ । ਸਾਰੀਆਂ ਪਾਰਟੀਆਂ ਨੂੰ ਨਿੰਦਦੇ ਹੋਏ ਜਮਹੂਰੀ ਲਹਿਰ ਦੇ ਵਰਕਰ ਕਮਿਊਨਿਸਟ ਪਾਰਟੀਆਂ ਦੀ ਨਿੰਦਾ ਤੇ ਪੂਰਾ ਵਜ਼ਨ ਦੇਂਦੇ ਸਨ ਤੇ ਰੂਸ ਜੋ ਸਧਾਰਨ ਜਨਤਾ ਵਿਚ ਕਾਮਰੇਡਾਂ ਦਾ ਧੁਰਾ ਸਮਝਿਆ ਜਾਂਦਾ ਸੀ ਸਾਡਾ ਚੰਣਵਾਂ ਨਿਸ਼ਾਨਾ ਹੁੰਦਾ ਸੀ । ਇਸ ਦੇ ਨਤੀਜੇ ਵਜੋਂ ਕਮਿਊਨਿਸਟ ਵਿਰੋਧੀ ਨੌਜਵਾਨ ਵੀ ਸਾਡੇ ਵੱਲ ਖਿਚਿਆ ਗਿਆ । ਮੈਂ ਖੁਦ ਉਸ ਟੀਮ ਵਿਚ ਸ਼ਾਮਲ ਸਾਂ ਜਿਸਨੇ ਇਸ ਲਹਿਰ ਨੂੰ ਕਾਲਜਾਂ ਵਿਚੋਂ ਕੱਢ ਕੇ ਪਿੰਡਾਂ ਵਿਚ ਖੜਿਆ ਤੇ ਨੌਜਵਾਨ ਭਾਰਤ ਸਭਾ ਨੂੰ ਇਕ ਤਾਕਤਵਰ ਨੌਜਵਾਨ ਜਥੇਬੰਦੀ ਬਣਾਇਆ । ਪਰ ਸਾਡਾ ਸਾਰਾ ਜ਼ੋਰ ਉਸ ਵੇਲੇ ਦੀਆਂ ਸਿਆਸੀ ਪਾਰਟੀਆਂ ਤੇ ਕਾਮਰੇਡਾਂ ਨੂੰ ਨਿੰਦਣ ਤੇ ਲਗਦਾ ਸੀ ਅਤੇ ਅਸੀਂ ਕਮਿਊਨਿਸਟਾਂ ਵਲੋਂ ਸਾਡੇ ਤੇ ਲਾਏ ਜਾਂਦੇ ਨਕਸਲੀ ਲੇਬਲ ਦਾ ਡੱਟ ਕੇ ਵਿਰੋਧ ਕਰਦੇ ਸੀ ਅਤੇ ਐਲਾਨੀਆ ਕਹਿੰਦੇ ਸਾਂ ਕਿ ਕਿ ਅਸੀਂ ਉਸਨੂੰ ਵੀ ਠੀਕ ਨਹੀਂ ਮੰਨਦੇ । ਜਨਤਕ ਜਮਹੂਰੀ ਲਹਿਰ ਦੀ ਚੜ੍ਹਤ ਨੇ ਕਾਫ਼ੀ ਨਕਸਲੀਆਂ ਨੂੰ ਜੋ ਪਹਿਲਾਂ ਇਸਨੂੰ ਫਜ਼ੂਲ ਮੰਨਦੇ ਸਨ ਇਸਦੀ ਅਹਿਮੀ-ਅਤ ਦਾ ਅਹਿਸਾਸ ਕਰਾਇਆ ਤੇ ਉਹ ਵੀ ਇਸ ਵਿਚ ਕੁਦ ਪਏ । ਇਸ ਘਟਨਾ ਨੇ ਇਸ ਲਹਿਰ ਨੂੰ ਸਿਆਸੀ ਰੰਗ ਦਿਤਾ ਤੇ ਪੀ.ਐਸ.ਯੂ. ਤੋਂ ਬਿਨਾਂ ਬਾਕੀ ਫਰੰਟਾਂ ਨੇ ਸੁੰਘੜਨਾ ਸ਼ੁਰੂ ਕੀਤਾ । ਚਾਹੇ ਪਹਿਲਾਂ ਵੀ ਇਸ ਲਹਿਰ ਵਿਚ ਮੁਖ ਰੋਲ ਨਕਸਲੀ ਲਹਿਰ ਦੇ ਹਮਦਰਦਾਂ ਦਾ ਸੀ ਪਰ ਉਨ੍ਹਾਂ ਦੀ ਸਿਫਤ ਇਹ ਸੀ ਕਿ ਉਹ ਪੂਰਾ ਜ਼ੋਰ ਇਸ ਗੱਲ ਤੇ ਲਾਉਂਦੇ ਸਨ ਕਿ ਅਸੀਂ ਹੁਣ ਨਕਸਲੀ ਨਹੀਂ ਰਹੇ ਜਿਵੇਂ ਪੀ. ਐਸ. ਯੂ ਵਿਚ ਭੁਪਿੰਦਰ ਜਾਂ ਨੌਜਵਾਨ ਭਾਰਤ ਸਭਾ ਵਿਚ ਨਿਰਭੈ ਢੁੱਡੀਕੇ । ਉਨ੍ਹਾਂ ਕੋਲ ਉਸ ਵੇਲੇ ਤੱਕ ਆਪਣੀ ਕੋਈ ਪਾਰਟੀ ਵੀ ਨਹੀਂ ਸੀ । ਇਕ ਇਨਕਲਾਬੀ ਕਮੇਟੀ ਸੀ ਜਿਸਨੇ ਅਜੇ ਆਪਣਾ ਕੋਈ ਪ੍ਰੋਗਰਾਮ ਨਹੀਂ ਸੀ ਲਿਖਿਆ ਹਾਂ ਉਹ ਜਨਤਕ ਜਮਹੂਰੀ ਲਹਿਰ ਉਸਾਰਨਾ ਚਾਹੁੰਦੇ ਸਨ। ਜਦ ਨਵੇਂ ਆਏ ਕਾਮਰੇਡਾਂ ਬੱਤ ਮਾਲੂਕੇ, ਜਗਰੂਪ ਝੁਨੀਰ, ਬਿਕਰ ਐਸ਼ੀ ਨੇ ਹਿੱਕ ਤੇ ਹੱਥ ਮਾਰ ਕੇ ਕਹਿਣਾ ਸ਼ੁਰੂ ਕੀਤਾ ਕਿ ਠੀਕ ਆ ਜੇ ਲੋਕ ਸਾਨੂੰ ਨਕਸਲੀ ਕਹਿੰਦੇ ਹਨ ਤਾਂ ਅਸੀਂ ਨਕਸਲੀ ਹੀ ਹਾਂ, ਤੇ ਐਮ. ਐਲ. ਸਾਡੀ ਪਾਰਟੀ ਹੈ । ਸਭ ਤੋਂ ਵੱਡੀ ਮੁਸ਼ਕਲ ਉਸ ਸਮੇਂ ਆਈ ਤੇ ਲਹਿਰ ਅੰਦਰ ਫੁਟ ਸ਼ੁਰੂ ਹੋਈ । ਕੁੱਝ ਨੌਜਵਾਨ ਐਮ.ਐਲ. ਦੇ ਪ੍ਰਭਾਵ ਥੱਲੇ ਚਲੇ ਗਏ ਤੇ ਕੁਝ ਨਿਰਾਸ਼ ਹੋ ਕੇ ਘਰ ਬੈਠਣ ਸ਼ੁਰੂ ਹੋਏ । ਅਸੀਂ ਇਹ ਸਟੈਂਡ ਲਿਆ ਕਿ ਇਹ ਸਿਰਫ ਜਮਹੂਰੀ ਪਲੇਟ ਫਾਰਮ ਹੈ ਪਰ ਉਨ੍ਹਾਂ ਕਿਹਾ ਕਿ ਇਹ ਸਿਆਸੀ ਹੈ । ਫੁਟ ਪੈ ਗਈ ਤੇ ਨਾਲ ਹੀ ਐਮਰਜੈਂਸੀ ਲਗ ਗਈ । ਅਸੀਂ ਜਿਸ ਕਮੇਟੀ ਨਾਲ ਸਬੰਧਤ ਸਾਂ ਉਸਨੇ ਵੀ ਐਮ.ਐਲ. ਤੋਂ ਉਤੇਜਤ ਹੋ ਕੇ ਅਸਲ ਐਮ.ਐਲ ਖੜੀ ਕਰਨੀ ਚਾਹੀ, ਜਿਸ ਦਾ ਸਦਕਾ ਉਹ ਖਿੰਡਦੀ ਖਿੰਡਦੀ ਜਿੰਨੇ ਮੈਂਬਰ ਸਨ ਓਨੀਆਂ ਕਮੇਟੀਆਂ ਬਣ ਗਈਆਂ । ਤੇ ਜਿਹੜੀ ਪਹਿਲੀ ਐਮ. ਐਲ. ਹੈ ਉਸਦੇ ਜਦ ਵੀ ਦੋ ਗਰੁਪ ਏਕਤਾ ਲਈ ਬੈਠਦੇ ਹਨ ਗਰੰਟੀ ਨਾਲ ਚਾਰ ਹੋ ਕੇ ਉਠਦੇ ਹਨ । ਸਿਰਫ ਉਥੇ ਫੁਟ ਦੀ ਕੋਈ ਗੁੰਜਾਇਸ਼ ਨਹੀਂ ਜਿਥੇ ਪੇਪਰ ਕੱਢਣ

ਤੋਂ ਬਿਨਾਂ ਹੋਰ ਕੰਮ ਨਾ ਹੋਵੇ।

ਮੇਰਾ ਏਨਾ ਸਭ ਕੁਝ ਕਹਿਣ ਤੋਂ ਭਾਵ ਇਹ ਹੈ ਕਿ ਨਕਸਲੀਆਂ ਦੀ ਏਕਤਾ ਜਾਂ ਮਾਕਰਸੀ-ਲੈਨਿਨੀ ਗਰੁੱਪਾਂ ਦੀ ਏਕਤਾ ਦੀ ਗੱਲ ਕਰਨ ਦੀ ਥਾਂ ਸਾਨੂੰ ਉਨ੍ਹਾਂ ਸਮੁੱਚੇ ਜਮਹੂਰੀ ਵਰਕਰਾਂ ਦੀ ਏਕਤਾ ਲਈ ਉਪਰਾਲਾ ਕਰਨਾ ਚਾਹੀਦਾ ਹੈ ਜਿਨ੍ਹਾਂ ਪਿਛਲੇ ਸਮੇਂ ਇਸ ਲਹਿਰ ਵਿਚ ਹਿਸਾ ਲਿਆ ਜਾਂ ਅਗਾਂਹ ਲੈਣਾ ਚਾਹੁੰਦੇ ਹਨ।

**(ਅ) ਏਕਤਾ ਦਾ ਆਧਾਰ ਕੀ ਹੋਵੇ :** ਲੋਕਾਂ ਅੰਦਰ **ਸਮਾਜਕ ਬਰਾਬਰੀ ਦੀ ਅਤੇ ਸਮੁੱਚੀ ਮਾਨਵਤਾ ਦੀ ਜਮਹੂਰੀ ਕਾਰਜਵਿਧੀ ਦੀ ਚਾਹਨਾ** ਕਰਨ ਵਾਲਾ ਹਰ ਆਦਮੀ ਆਪਣੇ ਆਪਨੂੰ ਜਮਹੂਰੀ ਕਹਾਉਣ ਦਾ ਹੱਕਦਾਰ ਹੈ ਤੇ ਇਸ ਏਕਤਾ ਵਿਚ ਉਸਨੂੰ ਸ਼ਾਮਲ ਕਰਨਾ ਚਾਹੀਦਾ ਹੈ। ਕੁਝ ਠੋਸ ਸ਼ਰਤਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ਜਿਵੇਂ ਕਿ ਉਹ ਸ਼ਖਸ (1) ਜਮਹੂਰੀਅਤ ਪਸੰਦ ਹੋਣ ਦਾ ਵਚਨ ਦੇਵੇ (2) ਹਰੇਕ ਨੂੰ ਆਪਣੇ ਵਿਚਾਰ ਰੱਖਣ ਤੇ ਪ੍ਰਚਾਰਨ ਨੂੰ ਬਰਦਾਸ਼ਤ ਕਰਨ ਦਾ ਮਾਦਾ ਰੱਖਦਾ ਹੋਵੇ (3) ਬਹੁਗਿਣਤੀ ਦੀ ਸਹਿਮਤੀ ਸਾਹਮਣੇ ਸਿਰ ਝੁਕਾਵੇ ਅਤੇ ਘੱਟ ਗਿਣਤੀ ਹੋਣ ਤੇ ਬਾਹਰ ਜਾਣ ਦੀ ਕ੍ਰਿਪਾ ਨਾ ਕਰੇ (4) ਤਾਨਾਸ਼ਾਹ ਪ੍ਰਵਿਰਤੀਆਂ ਤੇ ਵਿਚਾਰਾਂ ਦਾ ਡਟਵਾਂ ਵਿਰੋਧ ਕਰੇ। ਜੇਕਰ ਇਹ ਕੇਂਦਰ ਕੁਝ ਪਾਰਟੀਆਂ ਜਾਂ ਗਰੁੱਪਾਂ ਨੂੰ ਮੇਲ ਕੇ ਬਣਾਇਆ ਜਾਣਾ ਹੋਵੇ ਤਾਂ ਉਹ ਧਿਰਾਂ ਇਹਨਾਂ ਸਭ ਗੱਲਾਂ ਦਾ ਲਿਖਤੀ ਵਚਨ ਕਰਨ ਤੇ ਆਪਣੇ ਅੰਦਰ ਵੀ ਇਹਨਾਂ ਨੂੰ ਲਾਗੂ ਕਰਨ ਦਾ ਯਕੀਨ ਦਿਵਾਉਣ।

**(ੲ) ਕੇਂਦਰ ਦੀ ਬਣਤਰ :** ਇਸ ਕੇਂਦਰ ਵਿਚ ਦੋ ਤਰ੍ਹਾਂ ਦੇ ਲੋਕ ਆਉਣਗੇ ਇਸ ਲਈ ਇਸਦੀ ਦੋਹਰੀ ਬਣਤਰ ਜ਼ਰੂਰੀ ਹੈ। ਪਹਿਲੇ ਉਹ ਲੋਕ ਜੋ ਅੱਜ ਕਿਸੇ ਧਿਰ ਨਾਲ ਸਬੰਧਤ ਨਹੀਂ ਹਨ ਉਹ ਇਸ ਦੇ ਸਿੱਧੇ ਮੈਂਬਰ ਬਣਨੇ ਚਾਹੀਦੇ ਹਨ। ਉਨ੍ਹਾਂ ਵਾਸਤੇ ਅੰਤਰ-ਰਾਸ਼ਟਰਵਾਦ ਅਤੇ ਲੋਕ ਜਮਹੂਰੀਅਤ ਦੇ ਮੋਟੇ ਦ੍ਰਿਸ਼ਟੀਕੋਨ ਦਾ ਧਾਰਨੀ ਹੋਣਾ ਹੀ ਕਾਫ਼ੀ ਹੈ। **ਇਨ੍ਹਾਂ ਦੀ ਮੈਂਬਰਸ਼ਿਪ ਸਿੱਧੀ ਸਮਤਾ ਰਾਹੀਂ ਹੋਣੀ ਚਾਹੀਦੀ ਹੈ।** ਇਸ ਤੋਂ ਬਾਅਦ ਇਸ ਕੇਂਦਰ ਵਿਚ ਸ਼ਾਮਲ ਹੋਣ ਵਾਲੇ ਗਰੁੱਪ ਜਾਂ ਪਾਰਟੀਆਂ ਆਉਣਗੀਆਂ। ਇਨਾਂ ਗਰੁਪਾਂ ਦੇ ਮੈਂਬਰ ਪਹਿਲਾਂ ਆਪਣੀ ਸਬੰਧਤ ਪਾਰਟੀ ਦੇ ਮੈਂਬਰ ਹੋਣਗੇ ਤੇ ਬਾਅਦ ਵਿਚ ਇਸ ਕੇਂਦਰ ਦੇ। ਇਸ ਲਈ ਇਨ੍ਹਾਂ ਦੀ ਮੈਂਬਰਸ਼ਿਪ ਨੂੰ ਸੈਕੰਡਰੀ ਮੈਂਬਰਸ਼ਿਪ ਕਿਹਾ ਜਾਵੇ ਭਾਵੇਂ ਕਿ ਪੂਰੇ ਅਧਿਕਾਰ ਇਨ੍ਹਾਂ ਨੂੰ ਵੀ ਪ੍ਰਾਪਤ ਹੋਣ। ਕੇਂਦਰ ਵਿਚ ਸ਼ਾਮਲ ਹੋਣ ਵਾਲੀ ਪਾਰਟੀ ਦਾ ਪੰਜਾਬ ਯੂਨਿਟ ਜੇਕਰ ਕੇਂਦਰ ਅੰਦਰ ਜਮਹੂਰੀ ਤਰੀਕੇ ਨਾਲ ਕੰਮ ਕਰਨ ਲਈ ਸਹਿਮਤ ਹੋਵੇ ਤਾਂ ਉਹ ਕੇਂਦਰ ਨੂੰ ਆਪਣੇ ਵਰਕਰ ਦੀ ਲਿਸਟ ਪੇਸ਼ ਕਰੇ। ਇਹ ਮੈਂਬਰਸ਼ਿਪ ਇਨਾਂ ਗਰੁੱਪਾਂ ਦੇ ਰਾਹੀਂ ਵੀ ਕੀਤੀ ਜਾਣੀ ਚਾਹੀਦੀ ਹੈ ਤੇ ਆਪ ਹੁਦਰੀ ਨੂੰ ਉਤਸ਼ਾਹਤ ਨਹੀਂ ਕਰਨਾ ਚਾਹੀਦਾ।

• ਕੇਂਦਰ ਦੀ ਇਕ ਮੁਖ-ਸੰਚਾਲਨ ਕਮੇਟੀ ਬਣਨੀ ਚਾਹੀਦੀ ਜਿਸ ਵਿਚ ਨਿਰਪਖ ਲੋਕਾਂ ਦੀ ਇਕ ਤਿਹਾਈ ਨੁਮਾਇੰਦਗੀ ਜ਼ਰੂਰ ਹੋਵੇ। ਪੰਜਾਬ ਦੇ ਛੇ ਜ਼ਿਲਿਆਂ ਜਾਂ ਇਸ ਤੋਂ ਵਧ ਵਿਚ ਕੰਮ ਕਰਨ ਵਾਲੇ ਗਰੁੱਪਾਂ ਦੇ ਦੋ, ਦੋ, ਨੁਮਾਇੰਦੇ ਤੇ ਬਾਕੀਆਂ ਦਾ ਇਕ ਇਕ ਲੈ ਲਿਆ ਜਾਣਾ ਚਾਹੀਦਾ ਹੈ। ਇਕ ਕਮੇਟੀ ਕੰਟਰੋਲ ਕਮਿਸ਼ਨ ਦਾ ਵੀ ਕੰਮ ਕਰੇਗੀ। ਤੇ ਹੋਰ ਮਤਭੇਦ ਤੇ ਆਮ ਸਹਿਮਤੀ ਕਰਾਉਣ ਦੀ ਕੋਸ਼ਿਸ਼ ਦੇ ਬਾਅਦ ਦੋ ਤਿਹਾਈ ਦਾ ਫੈਸਲਾ ਕੇਂਦਰ ਨੂੰ ਸਭ ਨੂੰ ਮੰਨਣਾ ਲਾਜ਼ਮੀ ਹੋਵੇਗਾ। ਸ਼ਾਮਲ ਧਿਰਾਂ ਵਲੋਂ ਇਕ ਦੂਜੇ ਉਪਰ ਅਲੋਚਨਾ ਦਾ ਅਧਿਕਾਰ ਵਰਤਿਆ ਜਾ ਸਕੇਗਾ ਪਰ ਆਪੋ ਆਪਣੇ ਧਰਚੇ ਵਿਚ। ਗੈਰ ਜ਼ਿਮੇਵਾਰ ਚਿਕੜ ਉਛਾਲੀ ਦੀ ਮਨਾਹੀ ਹੋਵੇਗੀ।

ਬੁਨਿਆਦੀ ਯੂਨਿਟਾਂ ਤੋਂ ਲੈ ਕੇ ਸੂਬਾ ਕਮੇਟੀ ਤੱਕ ਚੋਣਾਂ ਜਮਹੂਰੀ ਢੰਗ ਨਾਲ ਹੋਣ। ਗਰੁਪ ਬਾਰੇ ਨੁਮਾਇੰਦਗੀ ਸਿਰਫ ਸੰਚਾਲਨ ਕਮੇਟੀ ਵਿਚ ਹੀ ਹੋਵੇਗੀ। ਕਿਸੇ ਵੀ ਪੱਧਰ ਤੇ ਖੜੇ ਜਥੇਬੰਦਕ ਰੇੜਕੇ ਨੂੰ ਕੰਟਰੋਲ ਕਮਿਸ਼ਨ (ਸੰਚਾਲਕ ਕਮੇਟੀ ਹੀ ਨਜਿਠੇਗੀ। ਆਪੋ ਆਪਣੇ ਗਰੁੱਪਾਂ ਦੀ ਮੁਖ ਬੁਲਾਰੇ ਕੇਂਦਰ ਦੇ ਅਹੁਦੇਦਾਰ ਨਹੀਂ ਹੋਣਗੇ ਤਾਂ ਉਹ ਸੰਚਾਲਨ ਕਮੇਟੀ ਵਿਚ ਹੋ ਸਕਦੇ ਹਨ। ਜੇਕਰ ਕੋਈ ਗਰੁਪ ਏਕਤਾ ਨੂੰ ਭੰਗ ਕਰਦਾ ਹੈ ਤਾਂ ਸਾਰਾ ਕੇਂਦਰ ਮਤਭੇਦਾਂ ਵਾਲੇ ਨੁਕਤੇ ਅਤੇ ਫੁਟ ਦੇ ਕਾਰਨਾਂ ਨੂੰ ਧੁਰ ਹੇਠਾਂ ਤੱਕ ਪ੍ਰਚਾਰੇਗਾ। ਕੇਂਦਰ ਵਿਚ ਜਮਹੂਰੀ ਤਰੀਕੇ ਨਾਲ ਹਰ ਗਰੁੱਪ ਆਪਣੀ ਲਾਈਨ ਨੂੰ ਰੱਖ ਸਕੇਗਾ ਤੇ ਸਹਿਮਤੀ ਦੀ ਕੋਸ਼ਿਸ਼ ਕਰ ਸਕੇਗਾ। ਅਸਹਿਮਤੀ ਦੀ ਹਾਲਤ ਵਿਚ ਕੇਂਦਰ ਤੋਂ ਬਾਹਰਲਾ ਉਸਦਾ ਪਲੇਟ ਫਾਰਮ ਆਪਣੇ ਵਿਚਾਰ ਪ੍ਰਚਾਰਨ ਲਈ ਅਜ਼ਾਦ ਹੋਵੇਗਾ।

ਸੋ ਮੇਰੀ ਨਿਜੀ ਰਾਏ ਹੈ ਕਿ ਤੁਹਾਡਾ ਇਹ ਉਪਰਾਲਾ ਤਾਂ ਹੀ ਸਫਲ ਹੋ ਸਕਦਾ ਹੈ ਜੇ ਇਸ ਨੂੰ ਕਿਸੇ ਵਿਸ਼ੇਸ਼ਣ ਤੋਂ ਪਾਕ ਰਖਿਆ ਜਾਵੇ ਤੇ ਸਿਰਫ ਜਮਹੂਰੀ ਲੋਕਾਂ ਦਾ ਜਮਹੂਰੀ ਤਰਜ਼ ਤੇ ਉਸਰਿਆ ਜਮਹੂਰੀ ਲਹਿਰ ਦਾ ਪ੍ਰਤੀਕ ਇਕ ਜਮਹੂਰੀ ਕੇਂਦਰ ਉਸਾਰਿਆ ਜਾਵੇ।

o

## 3–ਇਨਕਲਾਬੀ ਕੇਂਦਰ ਦੀ ਉਸਾਰੀ ਸੰਬੰਧੀ ਕੁਝ ਜਜ਼ਬਾਤ ਤੇ ਕੁਝ ਰਾਵਾਂ

ਸਭੇ ਗਰੁੱਪ ਜੋ ਪੰਜਾਬ ਅੰਦਰ ਇਨਕਲਾਬ ਲਈ ਕੰਮ ਕਰ ਰਹੇ ਹਨ, ਚਾਹੁੰਦੇ ਤਾਂ ਇਹ ਹਨ ਕਿ ਹਿੰਦੁਸਤਾਨ ਹੀ ਨਹੀਂ, ਸਗੋਂ ਦੁਨੀਆਂ ਭਰ 'ਚ ਕਿਰਤ ਦਾ ਬੋਲਬਾਲਾ ਹੋਵੇ, ਪਰ–ਉਹ ਇਸ ਨੁਕਤੇ ਤੋਂ ਵੀ ਕਾਫ਼ੀ ਚੰਗੀ ਤਰ੍ਹਾਂ ਜਾਣੂ ਹਨ ਕਿ ਸਾਡੀ ਕਮਿਊਨਿਸਟਾਂ ਇਨਕਲਾਬੀ ਲਹਿਰ ਅੰਦਰ ਪਿਛਲੇ ਖ਼ਾਸ ਕਰ 10, 12 ਸਾਲ ਅੰਦਰ ਆਈ ਜਾਂ ਪਾਈ ਟੁੱਟ ਫੁੱਟ ਇਨਕਲਾਬ ਦੇ ਰਾਹ 'ਚ ਇਕ ਵੱਡਾ ਰੋੜਾ ਹੈ–ਤੇ ਇਸ ਗੱਲ 'ਚ ਵੀ ਉਨ੍ਹਾਂ ਨੂੰ ਕੋਈ ਭੋਰਾਭਰ ਭੁਲੇਖਾ ਨਹੀਂ ਕਿ ਅੱਜ ਕੋਈ ਵੀ ਕੱਲ੍ਹਾ ਕਹਿਰਾ ਗਰੁੱਪ ਇਸ ਯੋਗ ਨਹੀਂ ਕਿ ਪੰਜਾਬ ਭਰ 'ਚ ਆਪਣੇ ਕਿਸੇ ਸੱਦੇ ਨੂੰ ਅਮਲੀ ਰੂਪ ਦੇ ਸਕੇ–ਤੇ ਹਾਲਤ ਤਾਂ ਇਹ ਹੈ ਕਿ ਜੱਟਾਂ ਦੀ ਜ਼ਮੀਨ ਵੰਡ ਆਗੂ ਹਰ ਕੋਈ ਇਕ ਇਕ ਦੋ ਦੋ ਖਿੱਤੇ ਬੈਅ ਕਰਾਈ ਬੈਠ ਤੇ ਪਿਛਲੇ ਅਰਸੇ ਦੌਰਾਨ ਉਸ ਗਰੁੱਪ ਦੇ ਇਹ ਖਿੱਤੇ ਸੁੰਗੜੇ ਹੀ ਹਨ–ਤੇ ਹੁਣ ਤਾਂ ਕਈ ਗਰੁੱਪਾਂ ਦੀ ਹਾਲਤ ਇਹ ਹੈ ਕਿ ਬੱਸ ਉਂਗਲਾਂ ਤੇ ਹੀ ਕੇਰਾਂ ਗਿਨਣ ਜੋਗੇ ਵਿਅਕਤੀ ਹੀ ਰਹਿ ਗਏ ਹਨ। ਸਭੇ ਗਰੁੱਪਾਂ ਦੇ ਪੇਪਰਾਂ ਦੀ ਹਾਲਤ ਕਾਫ਼ੀ ਤਰਸਯੋਗ ਹੈ–ਕਿਸੇ ਕੋਲ ਪੈਸੇ ਦਾ ਸੰਕਟ ਐ ਤੇ ਕਿਸੇ ਕੋਲ ਮੈਟਰ ਦਾ। ਤੇ ਜੇ ਕੋਈ ਇਕ ਅੱਧਾ ਪੇਤਰ ਕੁਝ ਵਿਕ ਵੀ ਰਿਹੈ ਤਾਂ ਉਸਦੇ ਵਕਤੀ ਸਟਾਈਲ ਕਰਕੇ। ਤੇ ਤਕਰੀਬਨ ਗਰੁੱਪਾਂ ਦੀ ਹੋਂਦ ਸਿਰਫ਼ ਉਨ੍ਹਾਂ ਦੇ ਛੋਟੇ ਛੋਟੇ ਪੇਪਰਾਂ ਨਾਲ ਜੁੜ ਕੇ ਰਹਿ ਗਈ ਹੈ।

ਪਰ ਅਫ਼ਸੋਸ ਤੇ ਦੁੱਖ ਇਸ ਗੱਲ ਦਾ ਹੈ–ਤੇ ਮੈਨੂੰ ਲਗਦੈ ਅਜੇ ਹੋਰ ਕਈ ਚਿਰ ਇਹ ਸੰਤਾਪ ਅਜੇ ਸਾਨੂੰ ਝਲਣਾ ਪੈਣੈ। ਕਿਉਂਕਿ ਤਕਰੀਬਨ ਗਰੁੱਪ ਜਿਸ ਸੋਚ ਤੇ ਸਮਝ ਦੇ ਧਾਰਨੀ ਹਨ ਇਸ ਸੰਤਾਪ ਦੀ ਸ਼ਾਹਦੀ ਭਰਦੇ ਹਨ। ਸਭ ਕੁਝ ਜਾਣਦੇ ਬੁੱਝਦਿਆਂ ਵੀ ਕਿ ਇਨਕਲਾਬੀ ਲਹਿਰ ਵਿਕਸਤ ਨਹੀਂ ਕਰ ਰਹੀ–ਤੇ ਇਸ ਪਿੱਛੇ ਕੁਝ ਅਵਸ਼ਕ ਤੌਰ 'ਤੇ ਬੁਨਿਆਦੀ ਕਾਰਨ ਹਨ। ਬਾਵਜੂਦ ਇਸ ਤੱਥ ਦੇ ਲਗਭਗ ਸਭੇ ਖੂਹ ਦੇ ਡੱਡੂ ਬਣੇ ਆਪਣੇ ਆਪਣੇ ਖੜ੍ਹੇ ਪਾਣੀਆਂ ਨੂੰ ਹੀ ਗੰਦਲਾ ਕਰਨ ਤੇ ਜ਼ੋਰ ਲਾ ਰਹੇ ਹਨ।

ਹਾਂ ਭਾਅ ਜੀ–ਇਨਕਲਾਬੀ ਲਹਿਰ ਦੀ ਏਕਤਾ ਤੇ ਇਸ ਦੀ ਦਰੁੱਸਤ ਪਹੁੰਚ ਲਈ ਤੁਹਾਡੇ ਯੋਗਦਾਨ, ਸੁਹਿਰਦਤਾ ਤੇ ਮੌਕਾ ਬਾ ਮੌਕਾ ਤੁਹਾਡੇ ਵਲੋਂ ਦਿੱਤੇ ਉਲਾਹਣਿਆਂ, ਗਿਲਿਆਂ ਤੇ ਕੋਈ ਵਿਰਲਾ ਹੀ ਸ਼ੱਕ ਕਰੇਗਾ। ਪਰ—ਖੈਰ ਤੁਸੀਂ 9 ਨਵੰਬਰ ਨੂੰ ਕੱਠ ਕਰਕੇ ਇਨ੍ਹਾਂ ਅਹਿਮ ਸਵਾਲਾਂ ਦੇ ਹੱਲ ਕਰਾਉਣ ਦਾ ਬੀੜਾ ਚੁੱਕਿਐ! ਚੰਗੀ ਗੱਲ! ਪਰ ਭਾਅ ਜੀ–ਛੋਟੇ ਵੀਰ ਦੀ ਇਕ ਗੱਲ ਯਾਦ ਰਖਣੀ–ਉਂਝ ਤਾਂ ਹਿੰਦੁਸਤਾਨ ਪਰ ਪੰਜਾਬ ਅੰਦਰ ਖ਼ਾਸ ਕਰ ਇਨਕਲਾਬੀ ਲਹਿਰ 'ਚ ਪਸਰੀ ਕੱਟੜਵਾਦ ਦੀ ਬੀਮਾਰੀ ਦਾ ਇਲਾਜ ਕੋਈ ਨੀਮ ਹਕੀਮ ਦੇ ਵੱਸ ਦੇ ਗੱਲ ਨਹੀਂ, ਇਸ ਕੈਂਸਰ ਦੇ ਇਲਾਜ ਲਈ ਕੋਈ ਠੋਸ ਸਕੀਮ (ਪਲਾਨ) ਜਾਨਿ ਕਿ ਇਕ ਅਜਿਹੇ ਨਸ਼ਤਰ ਦੀ ਲੋੜ ਹੈ ਜੋ ਬੀਮਾਰੀ ਨੂੰ ਵੀ ਭਜਾ ਦੇਵੇ ਤੇ ਰੋਗੀਆਂ ਨੂੰ ਵੀ ਬਚਾ ਲਵੇ! ਤੇ ਇਕ ਗੱਲ–ਇਹ ਕਿ–ਜਿੰਨਾਂ ਚਿਰ ਇਸ ਬੀਮਾਰੀ ਦੇ ਪਸਰਨ ਨੇ ਲਿਐ ਉਸਦਾ ਤੀਜਾ ਹਿੱਸਾ ਤਾਂ ਇਸ ਦੇ ਇਲਾਜ ਲਈ ਲੱਗੇਗਾ ਹੀ ਲੱਗੇਗਾ। ਸੋ ਕਾਫ਼ੀ ਠਰੰਮੇ (ਸਬਰ) ਤੁੱਹਮਲ ਤੇ ਚੁਸਤ ਦਿਮਾਗੀ ਦੀ ਲੋੜ ਹੈ।

ਤੇ ਭਾਅ ਜੀ, ਤੁਹਾਡੀ ਇਹ ਗੱਲ ਕਿ ਤੁਸੀਂ ਤਾਂ ਸਿਰਫ਼ ਪ੍ਰਬੰਧਕ ਹੋ? ਬਹਿਸ ਤਾਂ ਉਥੇ ਹੋਵੇਗੀ ਤੇ ਸਾਰੇ ਰਲ ਕੇ ਕਰਾਂਗੇ? ਇਹ ਗਲਤ ਹੈ–ਲੋੜ ਹੈ ਕਿ ਹਜ਼ਾਰਾਂ ਸੈਂਕੜਿਆਂ ਦੀ ਗਿਣਤੀ 'ਚ ਇਕੱਠੇ ਹੋਣ ਵਾਲੇ ਕਾਡਰ ਨੂੰ ਅਸੀਂ ਇਸ ਇਕੱਠ ਰਾਹੀਂ ਕਿਸੇ ਰਾਹ ਪਾ ਸਕੀਏ। ਸੋ ਇਸ ਲਈ ਬੇਨਤੀ ਹੈ ਕਿ ਉਸ ਕਾਨਫਰੰਸ ਲਈ ਕੋਈ ਠੋਸ ਅਜੰਡੇ ਬਣਾ ਲਏ ਜਾਣ ਤੇ ਅਜੰਡਿਆਂ ਦੇ ਅਗਾਂਹ ਨੁਕਤੇ। ਤੇ ਸਭ ਤੋਂ ਚੰਗਾ ਇਹ ਹੋਵੇਗਾ ਕਿ ਸਭੇ ਗਰੁੱਪਾਂ ਜਾਂ ਪੇਪਰਾਂ ਦੇ ਮੁੱਖੀ ਨੁਮਾਇੰਦਿਆਂ ਦੀਆਂ ਇਕ ਦੋ ਮੀਟਿੰਗਾਂ 'ਚ ਇਨ੍ਹਾਂ ਸੰਬੰਧੀ ਵਿਚਾਰ ਚਰਚਾ ਮੋਟੇ ਰੂਪ 'ਚ ਪਹਿਲਾਂ ਹੀ ਕਰਵਾ ਲਈ ਜਾਵੇ।

ਮੇਰੇ ਖਿਆਲ ਅਨੁਸਾਰ ਇਨਕਲਾਬੀ ਕੇਂਦਰ ਦੀ ਉਸਾਰੀ ਲਈ ਬਹਿਸ ਦੇ ਮੁੱਖ ਨੁਕਤਿਆਂ ਦੁਆਲੇ ਕੀਤੀ ਜਾਵੇ। ਪਹਿਲੀ ਗੱਲ ਸਿਆਸੀ ਸਿਧਾਂਤਕ ਤੇ ਦੂਜੀ ਸਾਂਝੀ ਅਮਲੀ ਸਰਗਰਮੀ। ਅੱਜ ਸਾਡੇ ਸਾਹਮਣੇ ਇਕ ਮੁੱਖ ਸਵਾਲ ਹੈ—ਭਾਰਤ ਦੀ ਆਰਥਕ ਸਮਾਜਕ ਬਣਤਰ ਨੂੰ ਸਮਝਣ ਦਾ, ਇਥੇ ਦੀਆਂ ਮੌਜੂਦਾ ਸਮੇਂ ਅੰਦਰ ਸਾਡੀਆਂ ਦੁਸ਼ਮਣ ਤੇ ਦੋਸਤ ਜਮਾਤਾਂ ਨੂੰ ਪਛਾਨਣ ਦਾ, ਅੱਡ ਅੱਡ ਜਮਾਤਾਂ ਲਈ ਦਿੱਤੇ ਜਾਣ ਵਾਲੇ ਨਾਹਰਿਆਂ ਦਾ, ਇਨਕਲਾਬ ਦੇ ਰਾਹ ਦਾ ਤੇ ਇਨਕਲਾਬ ਦੇ ਖਾਸੇ ਦਾ! ਮੈਨੂੰ ਲੱਗਦੈ ਇਸ ਸੰਬੰਧੀ ਕੋਈ ਸਾਂਝਾ ਬਹਿਸ ਵਿਚਾਰ ਫੋਰਮ ਬਣਾਇਆ ਜਾ ਸਕਦੈ ਜੋ ਲਗਾਤਾਰ ਉਪ੍ਰੋਕਤ ਸਵਾਲਾਂ ਤੇ ਲੜੀਬੱਧ ਸੈਮੀਨਾਰ, ਗੋਸ਼ਠੀਆਂ ਆਦਿ ਵਗੈਰਾ ਅਯੋਜਿਤ ਕਰਕੇ ਕਿਸੇ ਸਾਂਝੇ ਸਿੱਟੇ ਤੇ ਪੁੱਜੇ। ਤੇ ਮੈਨੂੰ ਲੱਗਦੈ ਕਿ ਇਸ ਤੋਂ ਬਿਨਾਂ ਅਮਲੀ ਸਰਗਰਮੀ ਲਈ ਅੱਜ ਦੀ ਹਾਲਤ 'ਚ ਇਨਕਲਾਬ ਦੀਆਂ ਬੁਨਿਆਦੀ ਜਮਾਤਾਂ ਅੰਦਰ ਇਕੱਠਿਆਂ ਕੰਮ ਕਰਨ ਲਈ ਸਾਂਝੀਆਂ ਜਨਤਕ ਜਥੇਬੰਦੀਆਂ ਉਸਾਰੀਆਂ ਜਾ ਸਕਦੀਆਂ ਹਨ–ਇਸ ਲਈ ਵਿਸਥਾਰ 'ਚ ਅਪਣੇ ਵਿਚਾਰ 9 ਨਵੰਬਰ ਨੂੰ ਪ੍ਰਗਟਾਏ

ਜਾ ਸਕਦੇ ਹਨ । ਹਾਂ ਮੈਨੂੰ ਲਗਦੈ ਕਿ ਕਮਿ: ਲਹਿਰ ਦੀ ਮੌਜੂਦਾ ਹਾਲਤ ਨੇ ਹੀ ਸਾਨੂੰ ਧੱਕ ਕੇ ਇਕੱਠੇ ਕਰਨ ਦੀ ਦਿਸ਼ਾ ਵੱਲ ਨੂੰ ਲਿਜਾਣਾ ਹੈ ਤੇ ਲਿਜਾ ਰਹੀ ਹੈ–ਪਰ ਸਾਡੀਆਂ ਚੇਤੰਨ ਕੋਸ਼ਿਸ਼ਾਂ ? ਸ਼ਰਮ ਆਉਣੀ ਚਾਹੀਦੀ ਐ ਕਿ ਅੱਜ ਸਾਡੀ ਏਕਤਾ ਲਈ ਜਦੋਂ ਸਮੁੱਚਾ ਇਨਕਲਾਬੀ ਕਾਡਰ ਦੁਹਾਈਆਂ ਪਾ ਰਿਹੈ–ਅਸੀਂ...?

ਸੁਰਿੰਦਰ–ਜਗਰਾਉਂ

## 4. ਘੱਟੋ ਘੱਟ ਪ੍ਰੋਗਰਾਮ ਤੇ ਇਕ ਮੰਚ ਉਸਾਰਨਾ ਮੌਜੂਦਾ ਸੰਕਟਮਈ ਦੌਰ ਦੀ ਸਭ ਤੋਂ ਵੱਡੀ ਲੋੜ ਹੈ ।

ਮੈਂ ਸਮਤ੍ਹਾ ਕਾਫੀ ਸਮੇਂ ਤੋਂ ਪੜ੍ਹਦਾ ਆ ਰਿਹਾ ਹਾਂ । ਇਸ ਪਰਚੇ ਰਾਹੀਂ ਤੁਸੀਂ ਹਰ ਵੇਲੇ ਪੰਜਾਬ ਅਤੇ ਸਾਰੇ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਸਬੰਧੀ ਸਹੀ ਸੇਧ ਦੇ ਕੇ ਲੋਕ ਹਿੱਤੂ ਹੋਣ ਦਾ ਸਬੂਤ ਦਿੱਤਾ ਹੈ । ਵੱਖ ਵੱਖ ਵੱਖ ਸਮੇਂ ਡਰਾਮਿਆਂ ਰਾਹੀਂ ਸਧਾਰਨ ਲੋਕਾਂ ਨੂੰ ਸਰਕਾਰ ਦੀਆਂ ਬਹੁਤ ਹੀ ਡੂੰਘੀਆਂ ਅਤੇ ਮੱਕਾਰ ਚਾਲਾਂ ਤੋਂ ਸੁਚੇਤ ਕਰਕੇ ਤੁਸੀਂ ਲੋਕਾਂ ਨੂੰ ਸਹੀ ਸੇਧ ਦਿੱਤੀ ਹੈ ਅਤੇ ਆਪਣੇ ਹੱਕਾਂ ਪ੍ਰਤੀ ਜਾਗਰਿਤ ਕੀਤਾ ਹੈ ।

ਪਿਛਲੇ ਅੰਕ ਵਿਚ ਜੋ ਤੁਸਾਂ ਇਕ ਸਾਂਝਾ ਮੰਚ ਉਸਾਰਨ ਦੀ ਗੱਲ ਕੀਤੀ ਹੈ ਅਤੇ ਉਸ ਸਬੰਧੀ ਪਹਿਲ ਕਰਕੇ ਬਹਿਸ ਛੇੜੀ ਹੈ ਤਾਂ ਜੋ ਘੱਟੋ ਘੱਟ ਪ੍ਰੋਗਰਾਮ ਤੇ ਇਕ ਮੰਚ ਉਸਾਰਿਆ ਜਾਵੇ, ਇਹ ਮੌਜੂਦਾ ਸੰਕਟਮਈ ਦੌਰ ਦੀ ਸਭ ਤੋਂ ਵੱਡੀ ਲੋੜ ਹੈ ਜਦੋਂ ਕਿ ਹਾਕਮ ਪਾਰਟੀ ਸਮੇਤ ਸਾਰੀਆਂ ਪਾਰਟੀਆਂ ਆਪਣੇ ਰਾਜਨੀਤਕ ਹਿੱਤਾਂ ਲਈ ਭਰਾ–ਮਾਰੂ ਜੰਗ ਕਰਾਉਣ ਤੇ ਤੁਲੀਆਂ ਹੋਈਆਂ ਹਨ ਅਤੇ ਵੱਖ ਵੱਖ ਪੈਂਤੜੇ ਬਦਲ ਰਹੀਆਂ ਹਨ । ਇਸ ਵੇਲੇ ਕਮਿਊਨਿਸਟ ਲਹਿਰ ਲਈ ਗਰੁਪਾਂ ਵਿੱਚ ਵੰਡੀ ਹੋਣ ਕਰਕੇ ਸਾਡੇ ਵਰਗੇ ਕਈ ਨੌਜਵਾਨ ਮਾਯੂਸ ਹਨ ਕਿ ਉਹ ਕਰਨ ਤਾਂ ਕੀ ਕਰਨ । ਜੇਕਰ ਸਾਰਿਆਂ ਗਰੁੱਪਾਂ ਦਾ ਸਾਂਝਾ ਫਰੰਟ ਕਾਇਮ ਹੋ ਜਾਏ ਅਤੇ ਕੋਈ ਪ੍ਰੋਗਰਾਮ ਉਲੀਕ ਕੇ ਸੰਘਰਸ਼ ਅਰੰਭੇ ਤਾਂ ਮੇਰੇ ਵਰਗੇ ਹੋਰ ਵੀ ਕਈ ਲੋਕ ਜੋ ਕਾਫ਼ੀ ਸਮੇਂ ਤੋਂ ਫੁੱਟ ਤੋਂ ਨਿਰਾਸ਼ ਹੋਏ ਹਨ, ਇਕ ਨਵੇਂ ਜੋਸ਼ ਨਾਲ ਅੱਗੇ ਵਧਣਗੇ ਅਤੇ ਲੋਕ–ਪੱਖੀ ਸੰਘਰਸ਼ਾਂ ਵਿਚ ਪੂਰਾ ਹਿੱਸਾ ਪਾਉਣਗੇ ਅਤੇ ਹਰ ਕੁਰਬਾਨੀ ਕਰਨ ਲਈ ਤੱਤਪਰ ਹੋਣਗੇ ।

ਪੰਜਾਬ ਮਸਲਾ ਅਤੇ ਇਸ ਸਬੰਧੀ ਵੱਖ ਵੱਖ ਗਰੁੱਪਾਂ ਵਲੋਂ ਵੱਖ ਸਟੈਂਡ ਲੈਣ ਦੀ ਚਰਚਾ ਮੰਚ ਉਸਾਰਨ ਤੋਂ ਬਾਅਦ ਵੀ ਹੋ ਸਕਦੀ ਹੈ, ਇਸ ਲਈ ਮੇਰੀ ਬੇਨਤੀ ਹੈ ਕਿ **ਇਸ ਇਤਿਹਾਸਕ ਦਿਨ ਤੇ ਸਿਰਫ ਉਹ ਲੋਕ ਆਉਣ ਜੋ ਇਸ ਗੱਲ ਤੇ ਸਹਿਮਤ ਹਨ ਕਿ ਉਹ ਮੌਜੂਦਾ ਢਾਂਚੇ ਨੂੰ ਮੁਢੋਂ ਰੱਦ ਕਰਕੇ ਨਵੇਂ ਜਮਹੂਰੀ ਇਨਕਲਾਬ ਲਈ ਲਾਮਬੰਦ ਹੋਣਗੇ ਅਤੇ ਇਸ ਦੀ ਪ੍ਰਾਪਤੀ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋਣਗੇ ।** ਨਿੱਕੇ ਨਿੱਕੇ ਮਸਲੇ ਤੇ ਤਿਲਕਣਬਾਜ਼ੀ ਫਿਰ ਗਰੁੱਪਾਂ ਵਿਚ ਵੰਡ ਦੇਵੇਗੀ ਅਤੇ ਅਸਲੀ ਨਿਸ਼ਾਨੇ ਤੋਂ ਲਾਂਭੇ ਕਰ ਦੇਵੇਗੀ । ਪਿਛਲਾ ਤਜਰਬਾ ਸਾਡੇ ਸਾਹਮਣੇ ਹੈ ।

ਹੁਣ ਲੋੜ ਹੈ ਕੇਵਲ ਤੇ ਕੇਵਲ ਇਨਕਲਾਬ ਲਈ ਆਪਣਾ ਸਭ ਕੁਝ ਭੁਲਾ ਕੇ ਦੇਸ਼ ਦੇ ਕਰੋੜਾਂ ਲੁਟੇ–ਪੁਟੇ ਜਾਂਦੇ ਲੋਕਾਂ ਲਈ ਫੈਸਲਾਕੁਨ ਲੜਾਈ ਦਿਤੀ ਜਾਵੇ ਅਤੇ ਇਕ ਸੁਨਹਿਰੀ ਭਵਿੱਖ ਵੱਲ ਵਧਿਆ ਜਾਵੇ ।

ਕਾਸ਼ ! 9 ਨਵੰਬਰ ਦਾ ਦਿਨ ਪੰਜਾਬ ਦੀ ਧਰਤੀ ਤੇ ਇਕ ਇਤਿਹਾਸਕ ਦਿਨ ਹੋ ਨਿਬੜੇ ਅਤੇ ਉਹਨਾਂ ਸਿਰਲੱਥ ਸੂਰਮਿਆਂ ਦੇ ਸੁਪਨਿਆਂ ਤੇ ਖਰਾ ਉਤਰੇ, ਜਿਸ ਲਈ ਹਜ਼ਾਰਾਂ ਦੇਸ਼ ਭਗਤ ਇਨਕਲਾਬੀਆਂ ਨੇ ਆਪਣੀਆਂ ਸ਼ਹਾਦਤਾਂ ਦਿੱਤੀਆਂ ਅਤੇ ਇਸ ਧਰਤੀ ਤੇ ਸਮਾਜਵਾਦ ਦੀ ਕਲਪਨਾ ਨੂੰ ਸਾਕਾਰ ਕਰਨ ਲਈ ਆਪਣਾ ਸਭ ਕੁਝ ਲੁਟਾ ਦਿੱਤਾ । –ਸੋਹਣ ਸਿੰਘ ਡਰਾਈਵਰ/ਪੱਟੀ

## 5. ਸਹੀ ਦ੍ਰਿਸ਼ਟੀ ਦੀ ਲੋੜ ਹੈ

–ਇਨਕਲਾਬੀਆਂ ਦੇ ਏਕਤਾ ਕੇਂਦਰ ਦੀ ਜਦੋਂ ਗੱਲ ਤੁਰੀ ਤਾਂ ਮਨ ਨੂੰ ਐਨੀ ਖੁਸ਼ੀ ਹੋਈ ਕਿ ਸ਼ਬਦਾਂ ਵਿਚ ਬਿਆਨ ਕਰਨੀ ਬਹੁਤ ਔਖੀ ਹੈ । ਇਹ ਗੱਲ ਉਨ੍ਹਾਂ ਲੋਕਾਂ ਲਈ ਚੈਲਿੰਜ ਹੈ ਜਿਹੜੇ ਬੰਦ ਕਮਰਿਆਂ ਵਿਚ ਬੈਠ ਕੇ ਇਨਕਲਾਬ ਲਿਆਉਣ ਦੇ ਦਮਗਜੇ ਮਾਰਦੇ ਸਨ ਅਤੇ 14–14 ਸਾਲਾਂ ਤੋਂ ਲੋਕਾਂ ਤੋਂ ਅੰਡਰ ਗਰਾਊਂਡ ਸਨ । ਭਾਵੇਂ ਰੂਸ ਅਮਰੀਕਾ ਲੁਟੇਰੇ ਹਨ ਜਾਂ ਸਾਮਰਾਜੀ, ਇਹ ਦੋ ਕੁ ਸ਼ਬਦਾਂ ਤੇ ਦੇਸ਼ਾਂ ਨੂੰ ਲੋਕਾਂ ਵਿਚ ਬਾਰ ਬਾਰ ਉਛਾਲਿਆ ਜਾਂਦਾ ਹੈ ਪਰ ਲੋਕਾਂ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਅਸੀਂ ਕੀ ਕਰੀਏ ? ਇਹਨਾਂ ਦਾ ਵਿਰੋਧ ਕਿਸ ਤਰ੍ਹਾਂ ਕਰੀਏ । ਕੁਰਬਾਨੀਆਂ ਕਰਨੀਆਂ ਇਹਨਾਂ ਲਈ ਮੁਸ਼ਕਲ ਹਨ ਪਰ ਕੁਰਬਾਨੀ ਕਰਨ ਵਾਲਿਆਂ ਦੇ ਸੋਹਲੇ ਗਾਉਣੇ ਇਨ੍ਹਾਂ ਲਈ ਸੌਖੇ ਹਨ । ਅੱਜ ਹਰ ਇਕ ਪਾਰਟੀ ਆਪਣੇ ਮਗਰ ਮ.ਲ. ਗਰੁੱਪ ਜਾਂ ਨਕਸਲਬਾੜੀ ਲਾਉਣ ਤੇ ਫ਼ਖਰ ਮਹਿਸੂਸ ਕਰਦੀ ਹੈ । ਇਨ੍ਹਾਂ ਨੂੰ ਇਕ ਸਵਾਲ ਹੈ ਕਿ ਨਕਸਬਾੜੀ ਲਹਿਰ ਇਕ ਖਾਸ ਨਿਸ਼ਾਨੇ ਨੂੰ ਲੈ ਕੇ ਚੱਲੀ ਸੀ ਤੁਸੀਂ ਹੁਣ ਉਸੇ ਸ਼ਬਦ ਨੂੰ 22 ਪਾਰਟੀਆਂ ਬਣਾ ਕੇ ਆਪਣੇ ਆਪਣੇ ਮਗਰ ਲਾ ਲਿਆ । ਉਹ ਹਥਿਆਰਬੰਦ ਘੋਲ ਦੀ ਮੰਗ ਕਰਦੇ ਸੀ ਤੇ ਤੁਸੀਂ ਰਾਤ ਦੇ ਹਨੇਰੇ ਵਿਚ ਪੋਸਟਰ ਲਾਉਣ ਦੀ ਮੰਗ ਕਰਦੇ ਹੋ । ਤੁਹਾਡੇ ਤੇ ਕਾਂਗਰਸ ਜਾਂ ਅਕਾਲੀ ਦਲ ਵਿਚ ਕੀ ਫਰਕ ਹੈ ਉਹ ਵੀ ਤਾਂ ਆਪਣੇ ਆਪਣੇ ਗਰੁੱਪ

ਬਣਾਈ ਫਿਰਦੇ ਹਨ। ਬਾਕੀ ਜਦੋਂ ਜ਼ਖਮੀ ਮਾਨਸਿਕਤਾ ਦੀ ਗੱਲ ਆਉਂਦੀ ਹੈ, ਨਵੰਬਰ 84 ਜਾਂ ਨੀਲਾ ਤਾਰਾ ਐਕਸ਼ਨ ਵੇਲੇ ਤਾਂ ਸਿੱਖਾਂ ਦੀ ਮਾਨਸਿਕਤਾ ਜ਼ਖਮੀ ਹੋ ਗਈ ਤੇ ਜਦੋਂ ਪੰਜਾਬ ਵਿਚ ਬੱਸਾਂ 'ਚ ਹਿੰਦੂ ਕੱਢ ਕੱਢ ਮਾਰੇ ਜਾਂਦੇ ਸੀ ਤਾਂ ਕੀ ਉਦੋਂ ਹਿੰਦੂਆਂ ਦੀ ਮਾਨਸਿਕਤਾ ਜ਼ਖਮੀ ਨਹੀਂ ਹੁੰਦੀ ? ਅਸਲ ਗੱਲ ਤਾਂ ਭਾਜੀ ਇਹ ਹੈ ਕਿ ਹਿੰਦੂ-ਸਿੱਖ ਦੀ ਮਾਨਸਕਤਾ ਦੀਆਂ ਗੱਲਾਂ ਤਾਂ ਸਿਰਫ ਫਿਰਕਾਪ੍ਰਸਤਾਂ ਦੀਆਂ ਮਾਨਸਕਤਾਵਾਂ ਨੂੰ ਹੀ ਜ਼ਖਮੀ ਕਰਦੀਆਂ ਹਨ। ਤੁਹਾਡੇ ਜਾਂ ਹੋਰ ਇਨਕਲਾਬੀਆਂ ਦੀਆਂ ਮਾਨਸਕਤਾਵਾਂ ਤਾਂ ਉਦੋਂ ਵੀ ਜ਼ਖਮੀ ਹੋਣਗੀਆਂ ਜਦੋਂ ਕੋਈ ਹਿੰਦੂ, ਸਿੱਖ, ਈਸਾਈ ਜਾਂ ਮੁਸਲਮਾਨ ਬੇਦੋਸ਼ਾ ਮਾਰਿਆ ਜਾਵੇਗਾ ਜਾਂ ਸਰਹੱਦਾਂ ਤੇ ਆਪਸ ਵਿਚ ਲੜਦੇ ਫੌਜੀ ਜਾਂ ਭੂਪਾਲ ਗੈਸ ਕਾਂਡ ਵਰਗੇ ਦੁਖਾਂਤ ਵਾਪਰਨਗੇ।

ਭਾਵੇਂ ਮੈਂ ਖਤ ਕਦੇ ਲਿਖਿਆ ਨਹੀਂ ਅਤੇ ਭਾਵੁਕਤਾ ਵੱਸ ਹੀ ਇਹ ਖਤ ਲਿਖ ਰਿਹਾ ਹਾਂ ਕਿਉਂਕਿ ਸਾਡੀ ਮਾਨਸਕਤਾ ਅਜਿਹੇ ਇਨਕਲਾਬੀਆਂ ਨੇ ਜ਼ਖਮੀ ਕੀਤੀ ਹੈ ਜਿੰਨ੍ਹਾਂ ਲਈ ਅਸੀਂ ਦਿਨ ਰਾਤ ਮਿਹਨਤ ਕਰਨ ਨੂੰ ਤਿਆਰ ਸੀ ਪਰ ਜਦੋਂ ਇਨ੍ਹਾਂ ਦੀਆਂ Splits ਵੇਖੀਆਂ ਤਾਂ ਘਰ ਬੈਠਣ ਨੂੰ ਦਿਲ ਕੀਤਾ। ਹੁਣ ਆਸ ਦੀ ਕਿਰਨ ਜਾਗੀ ਹੈ ਅਗਰ ਸਿਰੇ ਚੜ੍ਹ ਗਈ ਤਾਂ ਵੇਖਾਂਗੇ। ਬਾਕੀ ਜੋ ਚਿੰਗਾੜੀ ਉਠੀ ਹੋਈ ਹੈ ਉਹ ਇਕ ਦਿਨ ਭਾਂਬੜ ਜ਼ਰੂਰ ਬਣੇਗੀ, ਅਗਰ ਲੀਡਰ ਥੱਲ ਵਾਲੇ ਕੇਡਰ ਨਾਲ ਦਗ਼ਾ ਨਾ ਕਰਨ। —ਐਸ. ਬਾਗੀ

**6.** ਸ, ਗੁਰਸ਼ਰਨ ਸਿੰਘ ਜੀ, ਸਤਿ ਸ੍ਰੀ ਅਕਾਲ।

ਆਪ ਸਮਤਾ ਰਾਹੀਂ ਅਤੇ ਪਲਸ ਮੰਚ ਰਾਹੀਂ ਜੋ ਕੁਝ ਕਰ ਰਹੇ ਹੋ, ਬਹੁਤ ਚੰਗਾ ਕਰ ਰਹੇ ਹੋ। ਪੰਜਾਬ ਸਮੱਸਿਆ ਬਾਰੇ ਅਤੇ ਹਿੰਦੁਸਤਾਨ ਦੇ ਗਰੀਬ ਲੋਕਾਂ ਵਾਸਤੇ ਜੋ ਤੁਹਾਡੀ ਪਹੁੰਚ ਹੈ, ਉਹ ਬਹੁਤ ਦਰੁਸਤ ਹੈ। ਇਸ ਲਈ ਤੁਸੀਂ ਵਧਾਈ ਕੇ ਹੱਕਦਾਰ ਹੋ। ਅਤੇ ਹੁਣ ਜੋ ਤੁਸੀਂ ਇਨਕਲਾਬੀ ਕੇਂਦਰ ਪੰਜਾਬ ਬਨਾਣ ਲਈ ਲਈ ਯਤਨ ਕਰ ਰਹੇ ਹੋ, ਇਹ ਵੀ ਸਮੇਂ ਦੀ ਲੋੜ ਹੈ। ਕਿਉਂਕਿ ਪਿਛਲੇ ਦੋ ਤਿੰਨ ਸਾਲਾਂ ਤੋਂ ਆਤੰਕਵਾਦੀਆਂ ਦੀਆਂ ਕਾਰਵਾਈਆਂ ਦਾ ਜੋ ਖੱਬੇ ਪੱਖੀ ਇਨਕਲਾਬੀ ਤਾਕਤਾਂ ਵਲੋਂ ਜਵਾਬ ਦੇਣਾ ਬਣਦਾ ਸੀ ਉਹ ਨਹੀਂ ਦਿਤਾ ਗਿਆ। ਕਿਉਂਕਿ ਖੱਬੇ ਪੱਖੀ ਤਾਕਤਾਂ ਵਿਚ ਏਕਾ ਨਹੀਂ ਸੀ। ਇਹ ਏਕਾ ਸਮੇਂ ਦੀ ਲੋੜ ਹੈ। ਇਹ ਹੋਣਾ ਹੀ ਚਾਹੀਦਾ ਹੈ। ਨਹੀਂ ਤਾਂ ਆਉਂਦੀਆਂ ਨਸਲਾਂ ਸਾਥੋਂ ਜਵਾਬ ਮੰਗਣਗੀਆਂ ਕਿ ਅਸੀਂ ਉਦੋਂ ਕੀ ਕਰਦੇ ਸੀ। ਹੁਣ ਜਦੋਂ ਇਨਕਲਾਬੀ ਤਾਕਤਾਂ ਦੇ ਏਕੇ ਦੀ ਗੱਲ ਚਲੀ ਹੀ ਹੈ ਤਾਂ ਇਹ ਨਕਸਲਬਾੜੀ ਗਰੁੱਪਾਂ ਤੱਕ ਹੀ ਸੀਮਿਤ ਕਿਉਂ ? CPI ਤੇ CPI(M) ਨੂੰ ਕਿਉਂ ਨਹੀਂ ਸੱਦਾ ਦਿਤਾ ਗਿਆ। ਕੀ ਇਨ੍ਹਾਂ ਦਾ ਨਿਸ਼ਾਨਾ ਸਮਾਜਵਾਦੀ ਇਨਕਲਾਬ ਨਹੀਂ ? ਜਦੋਂ ਕਿ ਤੁਸੀਂ ਆਪ ਮੰਨਦੇ ਹੋ ਕਿ ਸਾਰੇ ਗਰੁੱਪਾਂ ਨੂੰ ਆਪਣੀ ਹੋਂਦ ਮਿਟਾਏ ਬਿਨਾ ਘਟੋ ਘੱਟ ਪ੍ਰੋਗਰਾਮ ਤੇ ਸਹਿਮਤ ਕਰਨਾ ਤੇ ਸੰਘਰਸ਼ ਕਰਨਾ ਇਸ ਕੇਂਦਰ ਦਾ ਮਕਸਦ ਹੈ। ਜੇ CPI ਤੇ CPI(M) ਵਾਲਿਆਂ ਵਿਚ ਕਰੰਟ ਘਟ ਹੈ ਤਾਂ ਵਧ ਕਰੰਟ ਵਾਲਿਆਂ ਦੀਆਂ ਕੀ ਪ੍ਰਾਪਤੀਆਂ ਹਨ। ਕਮਿਊਨਿਸਟ ਕੀ ਚਾਹੁੰਦੇ ਹਨ, ਇਨ੍ਹਾਂ ਦਾ ਕੀ ਪ੍ਰੋਗਰਾਮ ਹੈ ਇਹ ਲੋਕਾਂ ਨੂੰ ਦੱਸਣ ਵਿਚ ਸਾਰੇ ਹੀ ਪਿੱਛੇ ਹਨ। ਇਸ ਲਈ ਘਟੋ ਘਟ ਪ੍ਰੋਗਰਾਮ ਤੇ ਸਾਰੇ ਸਹਿਮਤ ਹੋ ਸਕਦੇ ਹਨ ਤੇ ਸਭ ਨੂੰ ਇਸ ਇਨਕਲਾਬੀ ਕੇਂਦਰ ਵਿਚ ਸ਼ਾਮਲ ਹੋਣ ਲਈ ਸੱਦਾ ਦੇਣਾ ਚਾਹੀਦਾ ਹੈ।

ਇਨਕਲਾਬੀ ਕੇਂਦਰ ਪੰਜਾਬ ਦੀ ਸਫਲਤਾ ਦੀ ਕਾਮਨਾ ਕਰਦਾ ਹੋਇਆ ਸੁਰਜੀਤ ਸਿੰਘ।

## 7. ਕੇਂਦਰ ਉਸਾਰਨ ਵਾਸਤੇ ਇਮਾਨਦਾਰਾਨਾ ਕੋਸ਼ਿਸ਼ਾਂ ਦੀ ਲੋੜ ਹੈ

"ਪੰਜਾਬ ਦੇ ਮਸਲਿਆਂ ਵਿਚ ਅਸਰਦਾਇਕ ਤਰੀਕੇ ਨਾਲ ਦਖਲ ਅੰਦਾਜ਼ ਹੋਣ ਲਈ...ਘੱਟ ਤੋਂ ਘੱਟ ਪ੍ਰੋਗਰਾਮ ਲਈ ਸਹਿਮਤੀ ਤੇ ਸਾਂਝ" ਦੇ ਅਧਾਰ ਤੇ ਤੁਹਾਡੇ ਵੱਲੋਂ, "ਇਨਕਲਾਬੀ ਕੇਂਦਰ ਪੰਜਾਬ" ਉਸਾਰਨ ਲਈ ਦਿੱਤਾ ਹੋਕਾ ਸਮੇਂ ਦੀ ਲੋੜ ਦਾ ਹੁੰਗਾਰਾ ਹੈ। ਪਰ ਇਸ ਲਈ ਇਮਾਨਦਾਰਾਨਾ ਕੋਸ਼ਿਸ਼ਾਂ ਤੇ ਦਰੁਸਤ ਪਹੁੰਚ ਮੁੱਢਲੀ ਤੇ ਲਾਜ਼ਮੀ ਲੋੜ ਹੈ। ਇਸ ਪੱਖੋਂ ਖੁਦ ਤੁਹਾਡੀ ਲਿਖਤ 'ਚ ਹੀ ਇਕ ਗੜਬੜ ਦਿਸ ਰਹੀ ਹੈ ਉਹ ਇਹ ਕਿ ਤੁਸੀਂ ਪਹਿਲਾਂ ਹੀ R.C.P.I. (ਪੈਗਾਮ) ਧਿਰ ਬਾਰੇ ਇਹ ਪ੍ਰਭਾਵ ਦੇ ਰਹੇ ਹੋ ਜਿਵੇਂ ਉਹ ਇਸ ਕੇਂਦਰ ਦੀ ਉਸਾਰੀ ਦੇ ਅਮਲ 'ਚ ਸਹਾਈ ਹੋਣ ਵਾਲੀ ਧਿਰ ਨਹੀਂ ਹੋਵੇਗੀ। ਇਥੇ ਹੀ ਬੱਸ ਨਹੀਂ ਸਗੋਂ ਤੁਸੀਂ ਸਤੰਬਰ ਅੰਕ 'ਚ ਉਸ ਧਿਰ ਬਾਰੇ ਇਹ ਕਹਿ ਕੇ ਕਿ ਸੁਰਖ ਰੇਖਾ ਅਤੇ ਉਸ ਦੀਆਂ ਸੰਗੀ ਧਿਰਾਂ ਬਾਰੇ ਕੇਂਦਰੀ ਸਰਕਾਰ ਦੀ ਕਿਸੇ ਖੇਡ ਖੇਡਣ ਦੀ ਗੱਲ ਉਹ ਦਿਖਾਵੇ ਖਾਤਰ ਹੀ ਕਹਿੰਦੇ ਹਨ ਜਦੋਂ ਕਿ ਦਿਲੋਂ ਉਹ ਜਾਣਦੇ ਹਨ ਕਿ ਉਨ੍ਹਾਂ ਨੇ ਕਦੇ ਵੀ ਕੇਂਦਰੀ ਸਰਕਾਰੀ ਦੀ ਨੀਤੀ ਦਾ ਸਮਰਥਨ ਨਹੀਂ ਕੀਤਾ, ਇਸ ਧਿਰ ਦੀ ਇਨਕਲਾਬੀ ਨੈਤਿਕਤਾ ਤੇ ਬਿਨਾਂ ਕੋਈ ਦਲੀਲ ਦਿੱਤਿਆਂ ਕਿੰਤੂ ਕਰ ਦਿੱਤਾ ਹੈ। ਤੁਸੀਂ ਇਸ ਤੋਂ ਵੀ ਵੱਧ ਕੇ ਇਸ ਧਿਰ ਦੀ ਸਮਝ ਨੂੰ "ਇਲਾਕਾਈ ਤੇ ਧਾਰਮਿਕ ਸ਼ਾਵਨਵਾਦ...ਸਿੱਖਾਂ ਵਿਰੁੱਧ ਵਿਤਕਰੇ ਨੂੰ ਸੰਘਰਸ਼ ਦਾ ਅਧਾਰ ਬਣਾਕੇ" ਹੀ ਮੌਜੂਦਾ ਹਾਲਤ 'ਚ ਅੱਗੇ ਵਧਣ ਦੀ ਵਕਾਲਤ ਕਰਨ ਵਾਲੀ ਕਰਾਰ ਦੇ ਦਿੱਤਾ ਹੈ। ਇਹ ਫੱਤਵਾ ਨਾ ਸਿਰਫ ਦਲੀਲ ਰਹਿਤ ਹੀ ਹੈ ਸਗੋਂ ਉਸ

ਧਿਰ ਦੇ ਨਾਂ 'ਤੇ ਹੀ ਉਨ੍ਹਾਂ ਦੀ ਸਮਝ ਦਾ ਸ਼ਕਲ ਵਿਗਾੜ ਹੈ ਇਸ ਗੱਲ ਦੀ ਪੁਸ਼ਟੀ ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਕਰਦੀਆਂ ਹਨ। ਅਜਿਹੀ ਹੀ ਨੁਕਸਦਾਰ ਪਹੁੰਚ ਦਾ ਮੁਜ਼ਾਹਰਾ "ਇਕ ਇਨਕਲਾਬੀ ਦਾ ਨੁਕਤਾ ਨਜ਼ਰ",ਵਾਲੀ ਚਿੱਠੀ 'ਚ ਕੀਤਾ ਗਿਆ ਹੈ। ਇਹ ਸਾਥੀ ਪੰਜਾਬ ਮਸਲੇ ਬਾਰੇ ਪੂਰੀ ਤਰ੍ਹਾਂ ਪੈਗ਼ਾਮ ਵਾਲਿਆਂ ਦੀ ਸਮਝ ਵੀ ਉਭਾਰਦਾ ਹੈ (ਜਿਵੇਂ ਇਹ ਕਹਿਣਾ "ਉਪਰੋਕਤ ਮੰਗਾਂ ਨੂੰ ਨਜ਼ਰ-ਅੰਦਾਜ਼ ਕਰਕੇ ਕਾਂਗਰਸ ਦੇ ਹੱਥ ਠੋਕੇ ਨਹੀਂ ਬਲਣਾ, ਖਾਲਿਸਤਾਨੀਆਂ ਦੇ ਹਮੈਤੀ ਬਨਣਾ ਮਨਜ਼ੂਰ ਹੈ", (ਪਰ ਪੈਗ਼ਾਮ ਪੰਥੀ ਹੋਣ ਦੇ ਫਤਵੇ ਤੋਂ ਬੁਰੀ ਤਰ੍ਹਾਂ ਤ੍ਰਭਕਦਾ ਵੀ ਹੈ ਇਸ ਦਾ ਇਹ ਡਰ ਇਸ ਧਿਰ ਪ੍ਰਤੀ ਦੂਜੀਆਂ ਧਿਰਾਂ ਵਲੋਂ ਅਪਣਾਈ ਪਹੁੰਚ ਕਰਕੇ ਹੀ ਹੈ। ਇਸ ਲਈ ਮੇਰਾ ਸੁਝਾਅ ਹੈ ਕਿ ਇਸ ਨੁਕਸਦਾਰ ਪਹੁੰਚ ਤੋਂ ਖਹਿੜਾ ਛੁਡਾ ਕੇ ਹੀ ਅਤੇ ਬਹਿਸ ਨੂੰ ਪੰਜਾਬ ਦੇ ਮਸਲਿਆਂ ਤੇ ਕੇਂਦਰਤ ਕਰਕੇ ਹੀ ਬਹਿਸ ਨੂੰ ਸਹੀ ਰੁੱਖ ਅੱਗੇ ਤੋਰਿਆ ਜਾ ਸਕਦਾ ਹੈ; ਮਸਲੇ ਨੇ-ਨੌ ਜਵਾਨਾਂ ਦੀ ਬੇ-ਰੁਜ਼ਗਾਰੀ, ਕਿਸਾਨਾਂ ਦੀਆਂ ਜਿਨਸਾਂ ਦੇ ਭਾਅ, ਖੇਤੀ ਲਈ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੀ ਸਸਤੇ ਰੇਟ ਤੇ ਸਪਲਾਈ, 20 ਘੰਟੇ ਬਿਜਲੀ ਤੇ ਖੁੱਲਾ ਪਾਣੀ, ਖੇਤ ਮਜ਼ਦੂਰਾਂ ਨੂੰ ਸਾਲ ਭਰ ਕੰਮ ਦੀ ਗਰੰਟੀ ਤੇ 8 ਘੰਟੇ ਦਿਹਾੜੀ, ਫੌਜੀ ਤੇ ਨੀਮ ਫੌਜੀ ਦਲਾਂ ਦੀ ਪੰਜਾਬ 'ਚੋਂ ਵਾਪਸੀ, ਕਾਲੇ-ਕਾਨੂੰਨਾਂ ਦਾ ਖਾਤਮਾਂ, ਸਾਰੇ ਸਿਆਸੀ ਕੈਦੀਆਂ ਤੇ (ਖਾਸ ਕਰਕੇ ਜੋਧਪੁਰ ਵਾਲਿਆਂ ਦੀ) ਬਿਨਾਂ ਸ਼ਰਤ ਰਿਹਾਈ, ਬਾਗੀ ਫ਼ੌਜੀਆਂ ਦੀ ਬਹਾਲੀ, ਕੇਂਦਰੀ ਹਕੂਮਤ ਦੇ ਹਿੰਦੂ ਸ਼ਾਵਨਵਾਦੀ ਪੈਂਤੜੇ ਦਾ ਵਿਰੋਧ ਤੇ ਧਰਮ ਨੂੰ ਰਾਜ ਨਾਲੋਂ ਵੱਖ ਕਰਨਾ, ਦਿੱਲੀ ਤੇ ਹੋਰਨਾਂ ਥਾਵਾਂ ਦੇ ਨਵੰਬਰ 84 'ਚ ਸਿੱਖਾਂ ਦੇ ਕਤਲੇਆਮ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ, ਝੂਠੇ ਪੁਲਸ ਮੁਕਾਬਲੇ ਤੇ ਝੂਠੇ ਕੇਸ ਮੜਨ ਵਾਲੇ ਅਫਸਰਾਂ ਨੂੰ ਸਜ਼ਾਵਾਂ ਤੇ ਇਸ ਸਾਰ ਕੁਝ ਦਾ ਪੰਜਾਬ ਦੇ ਲੋਕਾਂ ਵਲੋਂ ਆਪਣੇ ਕੁਦਰਤੀ ਸਾਧਨਾਂ ਤੇ ਕਿਰਤ ਕਮਾਈ ਦੇ ਆਪ ਮਾਲਕ ਹੋਣ ਦੇ ਨਾਹਰੇ ਨਾਲ ਸਬੰਧ ਬਾਰੇ। ਅਤੇ ਇਸ ਅਧਾਰ ਤੇ ਭਾਰਤ ਅੰਦਰਲੀਆਂ ਵੱਖ ਵੱਖ ਕੌਮਾਂ ਦੇ ਮਿਹਨਤਕਸ਼ ਲੋਕਾਂ ਨਾਲ ਸੰਘਰਸ਼ ਤੇ ਉਦੇਸ਼ਾਂ ਦੀ ਸਾਂਝ ਦੇ ਅਧਾਰ ਤੇ ਸੰਗਰਾਮੀ ਰਿਸ਼ਤੇ ਬਾਰੇ।

ਉਪਰੋਕਤ ਦੇ ਅਧਾਰ ਤੇ ਹੀ ਘੱਟ ਤੋਂ ਘੱਟ ਪ੍ਰੋਗਰਾਮ ਦੀ ਸਹਿਮਤੀ ਤੇ ਪਹੁੰਚਣ ਅਤੇ ਇਨਕਲਾਬੀ ਕੇਂਦਰ ਪੰਜਾਬ ਦੀ ਰੂਪ ਰੇਖਾ ਬਾਰੇ ਠੋਸ ਸੁਝਾਵਾਂ ਦੀ ਸਾਰਥਿਕ ਸਿੱਟੇ ਕੱਢ ਸਕਦੀ ਹੈ। ਠੋਸ ਸਮੱਸਿਆਵਾਂ ਤੋਂ ਟਾਲਾ ਤੇ ਆਮ ਸਮਝ ਅਤੇ ਅੰਤਮ ਉਦੇਸ਼ਾਂ ਦੇ ਰਟਨ ਮੰਤਰ ਨੇ ਪਹਿਲਾਂ ਹੀ (ਪੰਜਾਬ ਦੀ ਥਾਂ ਭਾਰਤ, ਭਾਰਤ ਦੀ ਥਾਂ ਕੌਮਾਂਤਰੀ ਤੇ ਕੌਮਾਂਤਰੀ ਦੀ ਥਾਂ ਕਮਿਊਨਿਜ਼ਮ ਤੇ ਚੂੰਜ ਚਰਚਾ) ਨੇ ਪਹਿਲਾਂ ਹੀ ਬਹੁਤ ਦਿਵਾਲਾ ਕੱਢ ਰੱਖਿਆ ਹੈ।

ਤੁਹਾਡਾ ਸ਼ੁਭ ਚਿੰਤਕ,
ਗੁਰਮੇਲ ਸਿੰਘ (ਬਠਿੰਡਾ)

## ਕੀ ਏਕਤਾ ਕੇਂਦਰ ਕਦੀ ਉਸਰ ਸਕੇਗਾ ?

ਤੁਹਾਡੀ ਇਨਕਲਾਬੀ ਕੇਂਦਰ ਕਾਇਮ ਕਰਨ ਦੀ ਤਜ਼ਵੀਜ ਸੁਣ ਕੇ ਮਨ ਬੇਹੱਦ ਪ੍ਰਸੰਨ ਹੋਇਆ। ਪਰ ਮੈਨੂੰ ਖਦਸ਼ਾ ਹੈ; ਇਹ ਸਿਰੇ ਚੜ੍ਹੇਗਾ ਜਾਂ ਨਹੀਂ। ਅਜਿਹੀ ਇਕ ਕੰਮ ਦੀ ਗੱਲ ਤੁਸਾਂ ਬਹੁਤ ਚਿਰ ਪਹਿਲਾਂ, ਖੱਬੀਆਂ ਪਾਰਟੀਆਂ ਨੂੰ ਸੱਦਾ ਦਿੱਤਾ ਸੀ। ਜਿਸ ਵਿਚੋਂ ਕੁਝ ਨਹੀਂ ਨਿਕਲਿਆ ਸੀ ਕਿਉਂਕਿ ਇਸਦੇ ਠੋਸ ਕਾਰਨ ਹਨ। ਪਹਿਲੀ ਗੱਲ, ਸਾਡੇ ਸਾਰੇ ਅਖੌਤੀ ਇਨਕਲਾਬੀ ਮਾਰਕੇ-ਬਾਜ਼ ਤਾਂ ਹਨ; ਪਰ ਉਹ ਇਨਕਲਾਬੀ ਹੈ ਹੀ ਨਹੀਂ। ਮਿਸਾਲ ਪੇਸ਼ ਹੈ, ਏਨੇ ਗਰੁੱਪ ਬਣਨੇ; ਵਿਅਕਤੀਗਤ ਚੌਧਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਹ ਲੋਕ ਸਾਰੇ 'ਬਾਪੂ' ਬਣਨਾ ਚਾਹੁੰਦੇ ਹਨ। ਪਰ ਆਪਣੇ ਵਿਚੋਂ ਇਹ ਮੱਧਵਰਗੀ ਭਾਵਨਾ ਅਧੀਨ ਅਈ ਹੀਰੋਇਜ਼ਮ ਦੀ ਰਹਿੰਦ ਨਹੀਂ ਕੱਢ ਸਕੇ। ਸਰਮਾਏਦਾਰੀ ਦੀ ਖੁੱਲ੍ਹ (ਜਿਵੇਂ ਅਕਾਲੀ ਕਾਂਗਰਸੀ ਤੇ ਹੋਰ ਪਾਰਟੀਆਂ ਵਿਚ ਆਪੋਧਾਪੀ) ਨੂੰ ਅਪਨਾਉਣ ਲੱਗਿਆਂ ਇਹਨਾਂ ਸੋਚਿਆ ਵੀ ਨਹੀਂ, ਸਾਡੀ ਲੜਾਈ ਕਿਸ ਨਾਲ ਹੈ ? ਜ਼ਾਬਤੇ ਨਾਂ ਦੀ ਚੀਜ਼ ਇਹਨਾਂ ਵਿਚ ਦੂਸਰੀਆਂ ਸਰਮਾਏਦਾਰੀ ਪਾਰਟੀਆਂ ਵਰਗੀ ਵੀ ਨਹੀਂ। ਤੇ ਕਰਨਾ ਇਹ ਇਨਕਲਾਬ ਚਾਹੁੰਦੇ ਹਨ। ਜ਼ਾਬਤੇ ਦੀ ਘਾਟ ਕਾਰਨ ਇਹ 'ਖੱਖੜੀਆਂ-ਕਰੇਲੇ' ਹੋ ਗਏ। ਤੁਹਾਨੂੰ ਵੀ ਤੇ ਸਾਰੇ ਸਿਆਣੇ ਬੰਦਿਆਂ ਨੂੰ ਪਤਾ ਹੈ ਕਿ ਲੋਕ ਲੜਨਾ ਚਾਹੁੰਦੇ ਹਨ। ਖੜੋਤ ਨਾਲ ਉਹਨਾਂ ਦੀ ਮੌਤ ਹੁੰਦੀ ਹੈ। ਜੇ ਖੱਬੇ-ਪੱਖੀ ਦੜ੍ਹ ਵੱਟ ਗਏ। ਲੋਕਾਂ ਦਾ ਕੀ ਕਸੂਰ ? ਉਹ ਸਾਮਰਾਜੀਆਂ ਤੇ ਫਿਰਕਾਪ੍ਰਸਤ-ਹਾਕਮ ਜਮਾਤਾਂ ਦੇ ਟੇਟੇ ਚੜ੍ਹ ਗਏ। ਜਿਨ੍ਹਾਂ ਨੂੰ ਅਸੀਂ ਕੁਰਾਹੇ ਪਏ ਅਤਿਵਾਦੀ ਸਮਝਦੇ ਹਾਂ। ਸਰਮਾਏਦਾਰੀ ਦੀ ਐਜੂਕੇਸ਼ਨ ਲੈ ਕੇ, ਉਹ ਜਿਤੁਣਾ ਤਾਂ ਚਾਹੁੰਦੇ ਹਨ। ਜਦੋਂ ਜ਼ਿੰਦਗੀ ਨਸੀਬ ਹੁੰਦੀ ਨਾ ਦਿਸੀ, ਲੜਾਈ ਦੀ ਕਾਲ ਕਿਸੇ ਵਲੋਂ ਵੀ ਹੁੰਦੀ। ਉਹਨਾਂ ਬਿਨਾਂ ਸੋਚੇ-ਸਮਝੇ ਤੁਰਨਾ ਸੀ ਤੇ ਤੁਰੇ।

ਇਨਕਲਾਬ ਲਿਆਉਣ ਖਾਤਰ ਹਰ ਚੀਜ਼ ਦੀ ਕੁਰਬਾਨੀ ਦੀ ਲੋੜ ਹੈ ਅਤੇ ਲੋਕ ਲੱਗਦੇ ਵੀ ਉਹਨਾਂ ਦੇ ਮਗਰ ਹੀ ਹਨ। ਬੱਸ, ਮੈਂ ਇਹੀ ਇਕੋ ਗੱਲ ਕਰਨੀ ਹੈ।

—ਕਰਮਜੀਤ ਸਿੰਘ ਕੁੱਸਾ

ਨੋਟ : ਮੈਂ ਅਤਿਵਾਦੀਆਂ ਦੇ ਲਖਸ਼ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਾਂ ਤੇ ਨਾ ਹੀ ਲੜਾਈ-ਲਾਈਨ ਨਾਲ।

Regd. with Registrar, News Paper vide No. MA/12397-D dated 18.480
Post Office No. P/AR—133

ਸਫ਼ਾ 10 ਦੀ ਬਾਕੀ

ਨਹੀਂ ਹੋ ਸਕੀ। ਉਸ ਅਨੁਸਾਰ ਸੁਰਜੀਤ ਬਰਾੜ, ਮੈਂ ਆਪ ਅਤੇ ਸਬਜਿੰਦਰ ਨੇ ਸਟੇਜ ਸੰਭਾਲਣੀ ਸੀ। ਜੇ ਇਕ ਨੇ ਅੱਗੇ ਹੋਣਾ ਸੀ ਤਾਂ ਦੂਜਿਆਂ ਨੇ ਪਿਛੇ ਕਲਾਕਾਰਾਂ ਨਾਲ ਤਾਲਮੇਲ ਰੱਖਣਾ ਸੀ। ਸਮੇਂ ਬਾਰੇ ਵੀ ਪੂਰਾ ਕੰਟਰੋਲ ਰੱਖਣਾ ਸੀ। ਟੀਮਾਂ ਬਹੁਤੀਆਂ ਸਨ, ਸਮਾਂ ਥੋੜਾ ਸੀ। ਟੀਮਾਂ ਵਲੋਂ ਤੇ ਟੀਮਾਂ ਦੇ ਹਿਮੈਤੀਆਂ ਵਲੋਂ ਵਾਰ ਵਾਰ ਜ਼ੋਰ ਦਿਤਾ ਜਾ ਰਿਹਾ ਸੀ। ਪਬਲਿਕ ਵਲੋਂ ਵੀ ਇਕ ਜਾਂ ਦੂਜੇ ਲਈ ਸਿਫ਼ਾਰਸ਼ਾਂ ਆ ਰਹੀਆਂ ਸਨ। ਮੇਰੇ ਲਈ ਇਹ ਸਾਰੇ ਫੈਕਟਰ ਬਹੁਤ ਟੈਨਸ਼ਨ ਦਾ ਕਾਰਨ ਬਣੇ। ਮੈਂ ਇਹ ਵੀ ਮਹਿਸੂਸ ਕੀਤਾ ਕਿ ਕੁਝ ਕਲਾਕਾਰਾਂ ਨੇ ਨਸ਼ੇ ਦੀ ਵਰਤੋਂ ਵੀ ਕੀਤੀ ਹੋਈ ਹੈ, ਇਸ ਲਈ ਉਹ ਸ਼ਾਇਦ ਇਕ ਵਾਰੀ ਕਹੀ ਗੱਲ ਨੂੰ ਸਮਝ ਨਹੀਂ ਸਨ ਰਹੇ ਤੇ ਮੈਨੂੰ ਦੋ ਤਿੰਨ ਵਾਰ ਉੱਚਾ ਬੋਲਣਾ ਪਿਆ। ਦੋ ਤਿੰਨ ਨਾਟਕਾਂ ਦੀ ਤਿਆਰੀ ਠੀਕ ਨਹੀਂ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਮੈਨੂੰ ਆਪਣਾ ਸਬਰ ਨਹੀਂ ਸੀ ਗਵਾਉਣਾ ਚਾਹੀਦਾ। ਮੈਨੂੰ ਖੁਸ਼ੀ ਹੈ ਕਿ ਇਹਨਾਂ ਸਾਥੀਆਂ ਨੇ ਇਸ ਘਾਟ ਵੱਲ ਧਿਆਨ ਦੁਵਾਇਆ ਹੈ। ਮੈਂ ਸੁਬੰਧਤ ਕਲਾਕਾਰਾਂ ਨੂੰ ਪਹਿਲੇ ਹੀ ਇਸ ਬਾਰੇ ਨਿੱਜੀ ਪਤ੍ਰ ਲਿਖ ਚੁਕਿਆ ਹਾਂ ਅਗੋਂ ਤੋਂ ਇਸ ਗੱਲ ਦਾ ਪੂਰਾ ਧਿਆਨ ਰਖਿਆ ਜਾਏਗਾ ਕਿ ਸਿਰਫ ਪਹਿਲੇ ਹੀ ਤਹਿ-ਸ਼ੁਦਾ ਪ੍ਰੋਗਰਾਮ ਅਨੁਸਾਰ ਸਾਰਾ ਸਮਾਗਮ ਕੀਤਾ ਜਾਏ ਤੇ ਥਾਂ ਸਿਰ ਕੋਈ ਤਬਦੀਲੀ ਨਾ ਕੀਤੀ ਜਾਏ। ਸਾਰੀਆਂ ਟੀਮਾਂ ਇਕ ਸਮਾਗਮ ਵਿਚ ਨਾ ਸਦੀਆਂ ਜਾਣ ਅਤੇ ਉਹਨਾਂ ਨੂੰ ਲੁਧਿਆਣੇ ਅਤੇ ਜਲੰਧਰ ਦੇ ਸਮਾਗਮਾਂ ਵਿਚ ਵੰਡਿਆ ਜਾਏ। 14 ਸਤੰਬਰ ਦੀ ਮੀਟਿੰਗ ਵਿਚ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਜਲੰਧਰ ਦਾ ਸਮਾਗਮ ਦੁਪਹਿਰ ਦੋ ਵਜੇ ਸ਼ੁਰੂ ਕੀਤਾ ਜਾਏ ਤਾਂ ਜੋ ਗੀਤਾਂ ਅਤੇ ਕਵਿਤਾਵਾਂ ਲਈ ਵੀ ਸਮਾਂ ਕੱਢਿਆ ਜਾ ਸਕੇ। ਅਗਲੇ ਸਾਲ ਦੇ ਪ੍ਰੋਗਰਾਮ ਮਿਥਣ ਵੇਲੇ ਬਠਿੰਡਾ ਅਤੇ ਪਟਿਆਲੇ ਵੀ ਸਮਾਗਮ ਕਰਨ ਉਤੇ ਸੋਚ ਵਿਚਾਰ ਕੀਤੀ ਜਾਏਗੀ ਤਾਂ ਜੋ ਸਾਰੀਆਂ ਟੀਮਾਂ ਨੂੰ ਠੀਕ ਮੌਕਾ ਮਿਲ ਸਕੇ। ਦਰਸ਼ਨ ਨੱਤ ਅਤੇ ਸਾਥੀਆਂ ਦੀ ਚਿੱਠੀ ਵਿਚ ਇਹ ਵੀ ਧਿਆਨ ਦੁਆਇਆ ਗਿਆ ਹੈ ਕਿ ਪੰਡਾਲ ਵਿਚ ਕਿਸੇ ਕਿਸਮ ਦੀ ਸਿਕ੍ਯੂਰਟੀ ਦਾ ਬੰਦੋਬਸਤ ਨਹੀਂ ਸੀ। ਕੋਈ ਅਣਸੁਖਾਂਵੀ ਘਟਨਾ ਵਾਪਰ ਸਕਦੀ ਸੀ। ਗੇਟ ਤੇ ਤਲਾਸ਼ੀ ਲਈ ਜਾਣੀ ਜ਼ਰੂਰੀ ਹੈ ਤਾਂ ਜੋ ਕੋਈ ਹਥਿਆਰ ਵਗੈਰਾ ਲੈ ਕੇ ਅੰਦਰ ਨਾ ਆਵੇ। ਇਹ ਵੀ ਸੁਝਾਅ ਹੈ ਕਿ ਸਟੇਜ ਦੀ ਸਜਾਵਟ ਪੂਰੇ ਢੰਗ ਨਾਲ ਕੀਤੀ ਜਾਏ। ਨਾਟਕਾਂ ਦੀ ਚੋਣ ਵੀ ਇਸ ਤਰ੍ਹਾਂ ਹੋਏ ਕਿ ਉਹਨਾਂ ਵਿਚੋਂ ਜਮਾਤੀ ਦ੍ਰਿਸ਼ਟੀ ਉਭਰਕੇ ਆਏ। ਸਿਰਫ਼ ਜਜ਼ਬਾਤੀ ਹੋਣਾ ਜਾਂ ਦਰਸ਼ਕਾਂ ਨੂੰ ਜਜ਼ਬਾਤੀ ਕਰਕੇ ਪ੍ਰਸੰਸਾ ਲੈਣੀ ਲੋਕ ਪੱਖੀ ਕਲਾ ਦਾ ਅਦੇਸ਼ ਨਹੀਂ। ਸਟੇਜ ਸੈਟਿੰਗ ਅਤੇ ਤਕਨੀਕੀ ਸਾਧਨਾਂ ਵਲ ਵੀ ਹੋਰ ਧਿਆਨ ਦੇਣ ਦੀ ਲੋੜ ਹੈ। ਇਹਨਾਂ ਸਮਾਗਮਾਂ ਤੇ ਪਹਿਲੀ ਕੋਈ ਵੀ item ਦੁਬਾਰਾ ਨਹੀਂ ਵਿਖਾਈ ਜਾਣੀ ਚਾਹੀਦੀ। ਆਖਰੀ ਗੀਤ ਝੰਡੇ ਚੁੱਕਕੇ ਪੂਰੇ ਜੋਸ਼ ਨਾਲ ਗਾਇਆ ਜਾਣਾ ਚਾਹੀਦਾ ਹੈ। ਝੰਡਾ ਸਿਰਫ ਇਕ ਨਹੀਂ ਸਗੋਂ ਸਾਰੇ ਕਲਾਕਾਰਾਂ ਦੇ ਹੱਥਾਂ ਵਿਚ ਹੋਣਾ ਚਾਹੀਦਾ ਹੈ। ਸਾਥੀਆਂ ਦੇ ਇਹਨਾਂ ਸਾਰੇ ਸੁਝਾਵਾਂ ਨੂੰ ਨੋਟ ਕਰ ਲਿਆ ਗਿਆ ਹੈ ਤੇ ਉਹਨਾਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਯਕੀਨ ਦਿਵਾਇਆ ਜਾਂਦਾ ਹੈ ਕਿ ਇਹਨਾਂ ਉਪਰ ਪੂਰਾ ਉਤਰਿਆ ਜਾਏਗਾ। ਸਾਥੀ ਰਨਧੀਰ ਸਿੰਘ ਨੇ 13 ਸਤੰਬਰ ਦੇ ਪ੍ਰੋਗਰਾਮ ਨੂੰ ਪੰਜਾਬੀ ਸਭਿਆਚਾਰਕ ਪ੍ਰੋਗਰਾਮਾਂ ਵਿਚ ਇਕ ਮੀਲ ਪੱਥਰ ਆਖਿਆ ਹੈ। ਕਰਫੀਉ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਚੰਡੀਗੜ੍ਹ ਪੁਆੜੇ ਦੀ ਜੜ੍ਹ, ਰਾਤ ਦੇ ਹਨੇਰੇ ਵਿਚ ਹਾੜੀਆਂ ਸਾਉਣੀਆਂ ਸਾਧਾਰਨ ਲੋਕ ਨਾਟਕਾਂ ਅਤੇ ਜਦੋਂ ਤਕ ਰਾਤ ਬਾਕੀ ਹੈ ਐਕਸ਼ਨ ਗੀਤ ਦੀ ਉਹਨਾਂ ਵਿਸ਼ੇਸ਼ ਸ਼ਲਾਘਾ ਕੀਤੀ ਹੈ। ਬਾਕੀ ਨਾਟਕਾਂ ਦੇ ਵਿਸ਼ਿਆਂ ਨੂੰ ਉਹਨਾਂ ਨੇ ਸਲਾਹਿਆ ਹੈ ਪਰ ਨਾਲ ਹੀ ਸੁਝਾਅ ਦਿਤਾ ਹੈ ਕਿ ਉਹ ਹੋਰ ਗੰਭੀਰ ਤਿਆਰੀ ਦੀ ਮੰਗ ਕਰਦੇ ਸਨ। ਉਹਨਾਂ ਨੇ ਲਿਖਿਆ ਹੈ ਕਿ ਹੁਣ ਸਾਡੀਆਂ ਅੱਖਾਂ ਜਨਵਰੀ 1987 ਦੇ ਜਲੰਧਰ ਸਮਾਗਮ ਵਲ ਲਗ ਗਈਆਂ ਹਨ। ਉਹਨਾਂ ਦਾ ਧੰਨਵਾਦ/ਗੁਰਸ਼ਰਨ ਸਿੰਘ o

ਨੋਟ : ਜਲੰਧਰ ਦਾ ਸਮਾਗਮ 24 ਜਨਵਰੀ ਹੋਵੇਗਾ।

---

## ਆਲ ਇੰਡੀਆ ਜਨ ਸੰਸਕ੍ਰਿਤੀ ਮੰਚ ਦਾ ਸਲਾਨਾ ਸਮਾਗਮ 25-26 ਅਕਤੂਬਰ ਨੂੰ ਚੰਡੀਗੜ੍ਹ ਹੋ ਰਿਹਾ ਹੈ

ਪ੍ਰੋਗਰਾਮ—25 ਅਕਤੂਬਰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਨਾਟਕ ਸਮਾਗਮ।

26 ਅਕਤੂਬਰ ਦਿਨ ਦੇ 10 ਵਜੇ ਤੋਂ ਸ਼ਾਮ 5 ਵਜੇ ਖੁਲ੍ਹਾ ਸਭਿਆਚਾਰਕ ਸਮਾਗਮ।

ਹਿੰਦੁਸਤਾਨ ਭਰ ਤੋਂ ਨਾਟਕ ਅਤੇ ਸੰਗੀਤ ਟੀਮਾਂ ਅਤੇ ਕਲਚਰਲ ਮਾਹਿਰ ਦੋਨੋਂ ਦਿਨ ਅਵਾਮੀ ਕਲਚਰ ਦੇ ਵਧੀਆ ਆਈਟਮ ਪੇਸ਼ ਕਰਨਗੀਆਂ। ਆਪ ਨੂੰ ਪਰਵਾਰ ਸਮੇਤ ਆਉਣ ਦਾ ਸੱਦਾ ਹੈ।

ਗੁਰਸ਼ਰਨ ਸਿੰਘ
ਪ੍ਰਧਾਨ ਜਨ ਸੰਸਕ੍ਰਿਤੀ ਮੰਚ

ਥਾਂ : ਬਾਲ ਭਵਨ ਦਾ ਖੁਲ੍ਹਾ ਮੰਚ—ਸੈਕਟਰ 23-B, ਚੰਡੀਗੜ੍ਹ।